Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 181 29/11/2025 www.samajweekly.com samajweekly @samajweekly samajweekly

# ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸਮਿਤੀ ਚੋਣਾਂ 14 ਦਸੰਬਰ ਨੂੰ; ਰਾਜ ਚੋਣ ਕਮਿਸ਼ਨਰ ਵੱਲੋਂ ਚੋਣ ਪ੍ਰੋਗਰਾਮ ਜਾਰੀ

**ਚੰਡੀਗੜ੍ਹ।** ਪੰਜਾਬ ’ਚ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ 14 ਦਸੰਬਰ ਨੂੰ ਐਤਵਾਰੀ ਛੁੱਟੀ ਵਾਲੇ ਦਿਨ ਹੋਣਗੀਆਂ ਅਤੇ ਚੋਣ ਨਤੀਜਾ 17 ਦਸੰਬਰ ਨੂੰ ਐਲਾਨਿਆ ਜਾਵੇਗਾ। ਰਾਜ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਨੇ ਅੱਜ ਇੱਥੇ ਚੋਣ ਪ੍ਰੋਗਰਾਮ ਜਾਰੀ ਕਰ ਦਿੱਤਾ ਹੈ ਜਿਸ ਦੇ ਨਾਲ ਹੀ ਸੂਬੇ ’ਚ ਚੋਣ ਜ਼ਾਬਤਾ ਵੀ ਲਾਗੂ ਹੋ ਗਿਆ ਹੈ। ਪੰਜਾਬ ’ਚ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀਆਂ ਦੀ ਆਖ਼ਰੀ ਚੋਣ 19 ਸਤੰਬਰ 2018 ਨੂੰ ਹੋਈ ਸੀ। ਪੰਜਾਬ ’ਚ 23 ਜ਼ਿਲ੍ਹਾ ਪਰਿਸ਼ਦਾਂ ਅਤੇ 154 ਪੰਚਾਇਤ ਸਮਿਤੀਆਂ ਦੀਆਂ ਚੋਣਾਂ ਹੁਣ 14 ਦਸੰਬਰ ਨੂੰ ਹੋਣਗੀਆਂ।

ਰਾਜ ਚੋਣ ਕਮਿਸ਼ਨਰ ਵੱਲੋਂ ਜਾਰੀ ਚੋਣ ਪ੍ਰੋਗਰਾਮ ਅਨੁਸਾਰ ਜ਼ਿਲ੍ਹਾ ਪਰਿਸ਼ਦ ਦੇ 357 ਜ਼ੋਨਾਂ ਤੇ ਪੰਚਾਇਤ ਸਮਿਤੀ ਦੇ 2863 ਜ਼ੋਨਾਂ ’ਚ ਵੋਟਾਂ 14 ਦਸੰਬਰ ਨੂੰ ਸਵੇਰ 8 ਵਜੇ ਤੋਂ ਸ਼ਾਮ ਚਾਰ ਵਜੇ ਤੱਕ ਪੈਣਗੀਆਂ। ਨਾਮਜ਼ਦਗੀ ਪੱਤਰ ਦਾਖਲ ਕਰਨ ਦਾ ਕੰਮ ਪਹਿਲੀ ਦਸੰਬਰ ਤੋਂ ਸ਼ੁਰੂ ਹੋਵੇਗਾ ਅਤੇ ਉਮੀਦਵਾਰ 4 ਦਸੰਬਰ ਨੂੰ ਤਿੰਨ ਵਜੇ ਤੱਕ ਕਾਗ਼ਜ਼ ਦਾਖਲ ਕਰ ਸਕਣਗੇ। ਨਾਮਜ਼ਦਗੀ ਪੱਤਰਾਂ ਦੀ ਪੜਤਾਲ 5 ਦਸੰਬਰ ਨੂੰ ਹੋਵੇਗੀ। ਨਾਮਜ਼ਦਗੀ ਪੱਤਰ 6 ਦਸੰਬਰ ਨੂੰ ਵਾਪਸ ਲਏ ਜਾ ਸਕਣਗੇ। ਉਸ ਉਪਰੰਤ ਚੋਣ ਪ੍ਰਚਾਰ ਸ਼ੁਰੂ ਹੋ ਜਾਵੇਗਾ।

ਪੰਜਾਬ ’ਚ ਇਨ੍ਹਾਂ ਚੋਣਾਂ ਲਈ 19,181 ਪੋਲਿੰਗ ਬੂਥ ਬਣਾਏ ਗਏ ਹਨ ਅਤੇ 13013 ਪੋਲਿੰਗ ਸਟੇਸ਼ਨ ਬਣਾਏ ਗਏ ਹਨ ਜਿਨ੍ਹਾਂ ਚੋਂ 915 ਅਤਿ ਸੰਵੇਦਨਸ਼ੀਲ ਐਲਾਨੇ ਗਏ ਹਨ। ਇਨ੍ਹਾਂ ਚੋਣਾਂ ’ਚ 1.36 ਕਰੋੜ ਦਿਹਾਤੀ ਵੋਟਰ ਆਪਣੇ ਸਿਆਸੀ ਹੱਕ ਦਾ ਇਸਤੇਮਾਲ ਕਰ ਸਕਣਗੇ। ਚੋਣ ਅਮਲੇ ਦੇ ਕਰੀਬ 96 ਹਜ਼ਾਰ ਮੁਲਾਜ਼ਮ ਡਿਊਟੀ ’ਤੇ ਤਾਇਨਾਤ ਹੋਣਗੇ ਅਤੇ 50 ਹਜ਼ਾਰ ਪੁਲੀਸ ਮੁਲਾਜ਼ਮਾਂ ਦੀ ਤਾਇਨਾਤੀ ਹੋਵੇਗੀ। ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਬੈਲਟ ਬਾਕਸ ਜ਼ਰੀਏ ਹੋਣਗੀਆਂ ਅਤੇ ਇਨ੍ਹਾਂ ਚੋਣਾਂ ’ਚ ਔਰਤਾਂ ਲਈ 50 ਫ਼ੀਸਦੀ ਰਾਖਵਾਂਕਰਨ ਲਾਗੂ ਰਹੇਗਾ। ਐਤਕੀਂ ਚੋਣਾਂ ’ਚ ਹਰ ਜ਼ਿਲ੍ਹੇ ’ਚ ਇੱਕ ਚੋਣ ਅਬਜ਼ਰਵਰ ਦੀ ਵੀ ਤਾਇਨਾਤ ਹੋਵੇਗੀ ਜੋ ਕਿ ਆਈਏਐੱਸ



ਜਾਂ ਸੀਨੀਅਰ ਪੀਸੀਐੱਸ ਰੈਂਕ ਦਾ ਅਧਿਕਾਰੀ ਹੋਵੇਗਾ। ਇਸ ਤਰ੍ਹਾਂ ਹਰ ਜ਼ਿਲ੍ਹੇ ’ਚ ਪੁਲੀਸ ਅਬਜ਼ਰਵਰ ਵੀ ਤਾਇਨਾਤ ਰਹੇਗਾ। ਮੁੱਖ ਚੋਣ ਕਮਿਸ਼ਨਰ ਚੌਧਰੀ ਨੇ ਦੱਸਿਆ ਕਿ ਨਾਮਜ਼ਦਗੀ ਪੱਤਰ ਦਾਖਲ ਕਰਨ ਮੌਕੇ ਵੀਡੀਓ ਗਰਾਫ਼ੀ ਵੀ ਕਰਾਈ ਜਾਵੇਗੀ। ਉਮੀਦਵਾਰਾਂ ਲਈ ਜ਼ਿਲ੍ਹਾ ਪ੍ਰੀਸ਼ਦ ਚੋਣ ਵਾਸਤੇ 400 ਰੁਪਏ ਅਤੇ ਪੰਚਾਇਤ ਸਮਿਤੀ ਲਈ 200 ਰੁਪਏ ਜ਼ਮਾਨਤ ਰਾਸ਼ੀ ਰੱਖੀ ਗਈ ਹੈ।

ਐੱਸਸੀ ਅਤੇ ਬੀਸੀ ਉਮੀਦਵਾਰਾਂ ਲਈ ਫ਼ੀਸ 50 ਫ਼ੀਸਦੀ ਘੱਟ ਹੋਵੇਗੀ। ਚੋਣ ਖ਼ਰਚੇ ਦੀ ਸੀਮਾ ਵੀ ਉਮੀਦਵਾਰਾਂ ਲਈ ਨਿਸ਼ਚਿਤ ਕੀਤੀ ਗਈ ਹੈ ਜਿਸ ਤਹਿਤ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਵੱਧ ਤੋਂ ਵੱਧ 2.55 ਲੱਖ ਰੁਪਏ ਅਤੇ ਪੰਚਾਇਤ ਸਮਿਤੀ ਚੋਣ ਲਈ ਚੋਣ ਖ਼ਰਚੇ ਦੀ ਹੱਦ 1.10 ਲੱਖ ਰੁਪਏ ਹੋਵੇਗੀ। ਉਮੀਦਵਾਰ ਨਾਮਜ਼ਦਗੀ ਪੱਤਰ ਦਾਖਲ ਕਰਨ ਸਮੇਂ ਸਵੈ ਘੋਸ਼ਣਾ ਪੱਤਰ ਦੇਣਾ ਵੀ ਲਾਜ਼ਮੀ ਹੋਵੇਗਾ ਜਿਸ ’ਚ ਉਮੀਦਵਾਰ ਆਪਣੀ ਸੰਪਤੀ ਅਤੇ ਦਰਜ ਕੇਸਾਂ ਦਾ ਵੇਰਵਾ ਨਸ਼ਰ ਕਰੇਗਾ। ਰਾਜ ਚੋਣ ਕਮਿਸ਼ਨਰ ਨੇ ਦੱਸਿਆ ਕਿ ਆਜ਼ਾਦ ਉਮੀਦਵਾਰਾਂ ਨੂੰ ਸਿਆਸੀ ਪਾਰਟੀਆਂ ਵੀ ਸਪਾਂਸਰ ਕਰ ਸਕਣਗੀਆਂ। ਪੰਜਾਬ ’ਚ ਪੰਚਾਇਤੀ ਸੰਸਥਾਵਾਂ ਦੀ ਚੋਣ ਦੇ ਐਲਾਨ ਨਾਲ ਹੀ ਸਿਆਸੀ ਧਿਰਾਂ ਨੇ ਸਰਗਰਮੀ ਵਧਾ ਦਿੱਤੀ ਹੈ ਅਤੇ ਇਹ ਚੋਣਾਂ ਸਭ ਸਿਆਸੀ ਧਿਰਾਂ ਦੀ ਕਾਰਗੁਜ਼ਾਰੀ ਮਾਪਣ ਦਾ ਪੈਮਾਨਾ ਵੀ ਬਣਨਗੀਆਂ। ‘ਆਪ’ ਸਰਕਾਰ ਦੌਰਾਨ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਦੀ ਚੋਣ ਪਹਿਲੀ ਵਾਰ ਹੋ ਰਹੀ ਹੈ ਜਦੋਂ ਕਿ ਪੰਚਾਇਤਾਂ ਦੀਆਂ ਚੋਣਾਂ ਵੀ ਕਰੀਬ ਇੱਕ ਸਾਲ ਪਹਿਲਾਂ 15 ਅਕਤੂਬਰ 2024 ਨੂੰ ਕਰਾਈਆਂ ਗਈਆਂ ਸਨ।

## ਗੋਲੀਬਾਰੀ ਦੀ ਘਟਨਾ: ਟਰੰਪ ਵੱਲੋਂ ਜ਼ੋਖਮ ਭਰੇ ਦੇਸ਼ਾਂ ਤੋਂ ਅਣਮਿੱਥੇ ਸਮੇਂ ਲਈ ਇਮੀਗ੍ਰੇਸ਼ਨ ਰੋਕਣ ਦਾ ਵਾਅਦਾ

**ਅਮਰੀਕਾ।** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਹ ਸਾਰੇ ਦੇਸ਼ਾਂ ਤੋਂ ਪਰਵਾਸ ਨੂੰ ਹਮੇਸ਼ਾ ਲਈ ਰੋਕ ਦੇਣਗੇ ਅਤੇ ਵਿਦੇਸ਼ੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਦੇਣਗੇ ਜੋ ਸੁਰੱਖਿਆ ਲਈ ਖ਼ਤਰਾ ਹਨ। ਉਨ੍ਹਾਂ ਦਾ ਇਹ ਬਿਆਨ ਇੱਕ ਅਫਗਾਨ ਨਾਗਰਿਕ ਵੱਲੋਂ ਨੈਸ਼ਨਲ ਗਾਰਡ ਮੈਂਬਰ ਦੀ ਹੱਤਿਆ ਤੋਂ ਬਾਅਦ ਆਇਆ ਹੈ। ਇਸ ਉਪਰੰਤ ਉਨ੍ਹਾਂ ਦੇ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ’ਤੇ ਕਾਰਵਾਈ ਤੇਜ਼ ਕਰ ਦਿੱਤੀ ਹੈ। ਟਰੰਪ ਪ੍ਰਸ਼ਾਸਨ ਨੇ ਵਾਸ਼ਿੰਗਟਨ ਡੀਸੀ ਵਿੱਚ ਹੋਈ ਗੋਲੀਬਾਰੀ ਦੇ ਮੱਦੇਨਜ਼ਰ 19 ਚਿੰਤਾਜਨਕ



ਦੇਸ਼ਾਂ ਦੇ ਪਰਵਾਸੀਆਂ ਨੂੰ ਜਾਰੀ ਕੀਤੇ ਗਏ ਸਾਰੇ ਗ੍ਰੀਨ ਕਾਰਡਾਂ ਦੀ ਵਿਆਪਕ ਸਮੀਖਿਆ ਦਾ ਐਲਾਨ ਕੀਤਾ ਹੈ। ਗੋਲੀਬਾਰੀ ਦਾ ਸ਼ੱਕੀ ਅਫਗਾਨ ਨਾਗਰਿਕ ਰਹਿਮਾਨੁੱਲਾ ਲਕਨਵਾਲ, ਅਫਗਾਨਾਂ ਲਈ ਬਾਇਡਨ-ਯੁੱਗ ਦੇ ਮੁੜ ਵਸੇਬਾ ਪ੍ਰੋਗਰਾਮ ਅਪਰੇਸ਼ਨ ਅਲਾਈਜ਼ ਵੈਲਕਮ ਰਾਹੀਂ ਅਮਰੀਕਾ ਵਿੱਚ ਦਾਖਲ ਹੋਇਆ ਸੀ।

ਯੂਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਦੇ ਡਾਇਰੈਕਟਰ ਜੋਸਫ ਐਡਲੋ ਨੇ ਕਿਹਾ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਉਨ੍ਹਾਂ ਦੇਸ਼ਾਂ ਦੇ ਪਰਵਾਸੀਆਂ ਨੂੰ ਜਾਰੀ ਕੀਤੇ ਗਏ ਹਰੇਕ ਗ੍ਰੀਨ ਕਾਰਡ ਦੀ ਪੂਰੇ ਪੈਮਾਨੇ ’ਤੇ ਸਖ਼ਤ ਮੁੜ-ਜਾਂਚ ਦਾ ਆਦੇਸ਼ ਦਿੱਤਾ ਹੈ। ਐਡਲੋ ਨੇ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ, "ਇਸ ਦੇਸ਼ ਅਤੇ ਅਮਰੀਕੀ ਲੋਕਾਂ ਦੀ ਸੁਰੱਖਿਆ ਸਭ ਤੋਂ ਮਹੱਤਵਪੂਰਨ ਹੈ,'' ਅਤੇ ਉਨ੍ਹਾਂ ਪਿਛਲੇ ਪ੍ਰਸ਼ਾਸਨ ਦੀਆਂ ਲਾਪਰਵਾਹ ਮੁੜ ਵਸੇਬਾ ਨੀਤੀਆਂ ਦੀ ਆਲੋਚਨਾ ਕੀਤੀ।

## ਐੱਫ ਆਈ ਐੱਚ ਜੂਨੀਅਰ ਵਿਸ਼ਵ ਕੱਪ: ਭਾਰਤ ਨੇ ਚਿਲੀ ਨੂੰ 7-0 ਨਾਲ ਹਰਾਇਆ



**ਚੇਨਈ।** ਰੋਸਨ ਖੁਜ਼ੂਰ ਅਤੇ ਦਿਲਰਾਜ ਸਿੰਘ ਨੇ ਦੋ-ਦੋ ਗੋਲਾਂ ਦੀ ਬਦੌਲਤ ਭਾਰਤ ਨੇ ਅੱਜ ਇੱਥੇ ਚਿਲੀ ਨੂੰ 7-0 ਨਾਲ ਹਰਾ ਕੇ ਆਪਣੀ ਢੀ ਪੁਰਸ਼ ਜੂਨੀਅਰ ਹਾਕੀ ਵਿਸ਼ਵ ਕੱਪ ਮੁਹਿੰਮ ਦੀ ਸ਼ਾਨਦਾਰ ਸ਼ੁਰੂਆਤ ਕੀਤੀ। ਭਾਰਤ ਵਲੋਂ ਰੋਸਨ ਨੇ 16ਵੇਂ ਤੇ 21ਵੇਂ ਮਿੰਟ, ਦਿਲਰਾਜ ਨੇ 25ਵੇਂ ਤੇ 34ਵੇਂ ਮਿੰਟ ਵਿਚ ਦੋ-ਦੋ ਗੋਲ ਕੀਤੇ। ਇਨ੍ਹਾਂ ਤੋਂ ਇਲਾਵਾ ਅਜੀਤ ਯਾਦਵ (35ਵੇਂ), ਅਨਮੋਲ ਏਕਾ (48ਵੇਂ ਮਿੰਟ) ਅਤੇ ਕਪਤਾਨ ਰੋਹਿਤ (60ਵੇਂ ਮਿੰਟ) ਨੇ ਗੋਲ ਕੀਤੇ। ਭਾਰਤ ਸ਼ਨਿਚਰਵਾਰ ਨੂੰ ਇੱਥੇ ਆਪਣੇ ਦੂਜੇ ਪੂਲ ਬੀ ਮੈਚ ਵਿੱਚ ਓਮਾਨ ਨਾਲ ਖੇਡੇਗਾ। ਚਿਲੀ ਦੇ ਖਿਡਾਰੀਆਂ ਨੇ ਪਹਿਲੇ ਕੁਆਰਟਰ ਵਿਚ ਵਧੀਆ ਖੇਡ ਦਿਖਾਈ ਪਰ ਉਸ ਤੋਂ ਬਾਅਦ ਭਾਰਤੀ ਖਿਡਾਰੀ ਹਾਵੀ ਹੁੰਦੇ ਗਏ।

# ਰਾਹੁਲ ਗਾਂਧੀ ਨੇ ਦਿੱਲੀ ਵਿੱਚ ਪ੍ਰਦੂਸ਼ਣ ਦੇ ਮੁੱਦੇ ਤੇ ਪ੍ਰਧਾਨ ਮੰਤਰੀ ਮੋਦੀ ਦੀ ਚੁੱਪ ਤੇ ਸਵਾਲ ਚੁੱਕਿਆ

**ਨਵੀਂ ਦਿੱਲੀ।** ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਅੱਜ ਕੌਮੀ ਰਾਜਧਾਨੀ ਵਿੱਚ ਹਵਾ ਪ੍ਰਦੂਸ਼ਣ ਦੇ ਮੁੱਦੇ ਤੇ ਸੰਸਦ ਵਿੱਚ ਵਿਸਥਾਰਤ ਚਰਚਾ ਦੀ ਮੰਗ ਕੀਤੀ। ਉਨ੍ਹਾਂ ਇਸ ਸਿਹਤ ਐਮਰਜੈਂਸੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੁੱਪ ਤੇ ਵੀ ਸਵਾਲ ਚੁੱਕੇ ਹਨ। ਕਾਂਗਰਸੀ ਆਗੂ ਨੇ ਹਵਾ ਪ੍ਰਦੂਸ਼ਣ ਨਾਲ ਨਜਿੱਠਣ ਲਈ ਇੱਕ ਸਖ਼ਤ, ਲਾਗੂ ਕਰਨ ਯੋਗ ਕਾਰਜ ਯੋਜਨਾ ਦੀ ਮੰਗ ਵੀ ਕੀਤੀ ਅਤੇ ਪੁੱਛਿਆ ਕਿ ਮੋਦੀ ਸਰਕਾਰ ਇਸ ਮੁੱਦੇ ਤੇ ਕੋਈ ਜਲਦਬਾਜ਼ੀ ਜਾਂ ਜਵਾਬਦੇਹੀ ਕਿਉਂ ਨਹੀਂ ਦਿਖਾ ਰਹੀ ਹੈ। ਰਾਹੁਲ ਗਾਂਧੀ ਨੇ ਇਸ ਮੁੱਦੇ ਤੇ ਆਪਣੀ ਰਿਹਾਇਸ਼ ਤੇ ਕੁਝ ਮਹਿਲਾਵਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨਾਲ ਹੋਈ ਗੱਲਬਾਤ ਦੀ ਇੱਕ ਵੀਡੀਓ ਸਾਂਝੀ ਕੀਤੀ। ਉਨ੍ਹਾਂ ਨੇ ਐਕਸ ਤੇ ਇੱਕ ਪੋਸਟ ਵਿੱਚ ਪੁੱਛਿਆ ਕਿ ਹਰ ਮਾਂ ਜਿਸ ਨੂੰ ਮੈਂ



ਮਿਲਦਾ ਹਾਂ, ਉਹ ਮੈਨੂੰ ਇੱਕੋ ਗੱਲ ਦੱਸਦੀ ਹੈ: ਉਸਦਾ ਬੱਚਾ ਜ਼ਹਿਰੀਲੀ ਹਵਾ ਵਿੱਚ ਸਾਹ ਲੈ ਕੇ ਵੱਡਾ ਹੋ ਰਿਹਾ ਹੈ। ਉਹ ਥੱਕੀਆਂ ਹੋਈਆਂ ਹਨ, ਡਰੀਆਂ ਹੋਈਆਂ ਹਨ ਅਤੇ ਗੁੱਸੇ ਵਿੱਚ ਹਨ। ਉਨ੍ਹਾਂ ਸਵਾਲ ਕੀਤਾ ਕਿ ਮੋਦੀ ਜੀ, ਭਾਰਤ ਦੇ ਬੱਚੇ ਸਾਡੇ ਸਾਹ-ਮਣੇ ਦਮ ਘੁੱਟ ਰਹੇ ਹਨ। ਤੁਸੀਂ ਚੁੱਪ ਕਿਵੇਂ ਰਹਿ ਸਕਦੇ ਹੋ? ਤੁਹਾਡੀ ਸਰਕਾਰ ਕੋਈ ਜਲਦਬਾਜ਼ੀ, ਕੋਈ ਯੋਜਨਾ, ਕੋਈ ਜਵਾਬਦੇਹੀ ਕਿਉਂ ਨਹੀਂ ਦਿਖਾਉਂਦੀ? ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਨੂੰ ਹਵਾ ਪ੍ਰਦੂਸ਼ਣ ਤੇ ਤੁਰੰਤ, ਵਿਸਥਾਰਤ ਸੰਸਦੀ ਬਹਿਸ ਅਤੇ ਇਸ ਸਿਹਤ ਐਮਰਜੈਂਸੀ ਨਾਲ ਨਜਿੱਠਣ ਲਈ ਇੱਕ ਸਖ਼ਤ, ਲਾਗੂ ਕਰਨ ਯੋਗ ਕਾਰਜ ਯੋਜਨਾ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਾਡੇ ਬੱਚੇ ਸਾਫ਼ ਹਵਾ ਦੇ ਹੱਕਦਾਰ ਹਨ ਨਾ ਕਿ ਬਹਾਨਿਆਂ ਅਤੇ ਧਿਆਨ ਭਟਕਾਉਣ ਦੇ,। ਜ਼ਿਕਰਯੋਗ ਹੈ ਕਿ ਦਿੱਲੀ ਪਿਛਲੇ 15 ਦਿਨਾਂ ਤੋਂ ਬਹੁਤ ਖਰਾਬ ਹਵਾ ਗੁਣਵੱਤਾ ਨਾਲ ਜੂਝ ਰਹੀ ਹੈ। ਮਾਹਿਰਾਂ ਨੇ ਕਿਹਾ ਕਿ ਜ਼ਹਿਰੀਲੀ ਹਵਾ ਸਾਹ ਨਾਲੀ ਦੀ ਸੋਜਸ਼ ਨੂੰ ਸ਼ੁਰੂ ਕਰਦੀ ਹੈ, ਫੇਫੜਿਆਂ ਦੇ ਕਾਰਜ ਨੂੰ ਘਟਾਉਂਦੀ ਹੈ ਅਤੇ ਅੰਦਰੂਨੀ ਬਿਮਾਰੀਆਂ ਨੂੰ ਵਧਾਉਂਦੀ ਹੈ, ਇਸ ਲਈ ਰੋਕਥਾਮ ਵਾਲੇ ਸਿਹਤ ਜਾਂਚ ਬਹੁਤ ਮਹੱਤਵਪੂਰਨ ਹੁੰਦੇ ਜਾ ਰਹੇ ਹਨ।

# ਅਮਰੀਕੀ ਫੌਜ ਦਾ ਮੇਜਰ ਸਿਮਰ ਸਿੰਘ ਲੈਫਟੀਨੈਂਟ ਕਰਨਲ ਬਣਿਆ

**ਚੰਡੀਗੜ੍ਹ।** ਡਿਪਟੀ ਕਮਾਂਡਰ ਮੇਜਰ ਸਿਮ-ਰਤਪਾਲ ਸਿਮਰ ਸਿੰਘ ਨੂੰ ਯੂਐਸ ਆਰਮੀ ਕੋਰ ਆਫ਼ ਇੰਜਨੀਅਰਜ਼ (ਜਾਪਾਨ ਇੰਜਨੀਅਰ ਦੀ ਬਰਾਂਚ) ਦੇ ਲੈਫਟੀਨੈਂਟ ਕਰਨਲ ਵਜੋਂ ਤਰੱਕੀ ਦਿੱਤੀ ਗਈ ਹੈ। ਇਹ ਤਰੱਕੀ ਸਿਮਰ ਸਿੰਘ ਨੂੰ ਕੈਂਪ ਜ਼ਾਮਾ ਵਿਚ ਜ਼ਿਲ੍ਹਾ ਹੈੱਡਕੁਆਰਟਰ ਵਿਚ ਇੱਕ ਸਮਾਰੋਹ ਦੌਰਾਨ ਦਿੱਤੀ ਗਈ। ਇਸ ਸਬੰਧੀ ਸਮਾਗਮ ਜੇਈਡੀ ਕਮਾਂਡਰ ਕਰਨਲ ਪੈਟ੍ਰਿਕ ਬਿਗਸ ਦੀ ਅਗਵਾਈ ਹੇਠ ਕਰਵਾਇਆ ਗਿਆ ਤੇ ਉਨ੍ਹਾਂ ਨੂੰ ਅਹੁਦੇ ਦੀ ਸਹੁੰ ਚੁਕਾਈ ਗਈ। ਇਹ ਸਮਾਗਮ 26 ਨਵੰਬਰ ਨੂੰ ਹੋਇਆ। ਸਿਮਰ ਸਿੰਘ ਦੇ ਮਾਪੇ ਸੁਖਬੀਰ ਸਿੰਘ ਅਤੇ ਜਸਵੀਰ ਕੌਰ ਨੇ ਪਰਿਵਾਰ, ਦੋਸਤਾਂ ਅਤੇ ਸਹਿਯੋਗੀਆਂ ਸਾਹਮਣੇ ਆਪਣੇ ਪੁੱਤਰ ਦੇ ਨਵੇਂ ਰੈਂਕ ਦਾ ਫੀਤਾ ਲਾਇਆ। ਸਿਮਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਹਰ ਮੁਕਾਮ 'ਤੇ ਸਾਥੀਆਂ ਤੇ ਅਧਿਕਾਰੀਆਂ



ਨੇ ਸਮਰਥਨ ਦਿੱਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਦੇਸ਼ ਨੇ ਵੀ ਬਹੁਤ ਵੱਡਾ ਮਾਣ ਬਖਸ਼ਿਆ। ਉਹ ਇਸ ਵੇਲੇ ਅਮਰੀਕਾ-ਜਾਪਾਨ ਦੇ ਚਲਾਏ ਜਾ ਰਹੇ ਮਿਸ਼ਨ ਤੇ ਪ੍ਰੋਗਰਾਮ ਦੀ ਨਿਗਰਾਨੀ ਕਰ ਰਹੇ ਹਨ। ਉਨ੍ਹਾਂ ਦੀ ਤਰੱਕੀ ਉਨ੍ਹਾਂ ਦੀ ਲੀਡਰਸ਼ਿਪ ਅਤੇ ਸੰਯੁਕਤ ਰਾਜ ਅਮਰੀਕਾ ਵੱਲੋਂ ਗੁੰਝਲਦਾਰ ਕੰਮਾਂ ਨੂੰ ਨੇਪਰੇ ਚਾੜ੍ਹਨ ਦੀ ਮੁਹਾਰਤ ਨੂੰ ਦਰਸਾਉਂਦੀ ਹੈ।

# ਮਾਂ ਅਤੇ ਉਸਦੇ ਪ੍ਰੇਮੀ ਦੀ ਲਾਸ਼ ਥਾਣੇ ਲੈ ਕੇ ਪਹੁੰਚਿਆ ਨੌਜਵਾਨ



**ਸਿਰਸਾ।** ਹਰਿਆਣਾ ਦੇ ਸਿਰਸਾ ਵਿੱਚ ਬੀਤੀ ਰਾਤ ਦੋਹਰੇ ਕਤਲ ਦਾ ਮਾਮਲਾ ਸਾਹਮਣੇ ਆਇਆ ਹੈ। ਇੱਕ ਨੌਜਵਾਨ ਨੇ ਆਪਣੀ ਮਾਂ ਅਤੇ ਉਸ ਦੇ ਕਥਿਤ ਪ੍ਰੇਮੀ ਨੂੰ ਇਤਰਾਜ਼ਯੋਗ ਹਾਲਤ ਵਿੱਚ ਦੇਖਿਆ, ਜਿਸ ਤੋਂ ਬਾਅਦ ਉਹ ਗੁੱਸੇ ਵਿੱਚ ਪਾਗਲ ਹੋ ਗਿਆ। ਇਸ ਤੋਂ ਖਫ਼ਾ ਨੌਜਵਾਨ ਨੇ ਆਪਣੀ ਮਾਂ ਅਤੇ ਉਸ ਦੇ ਕਥਿਤ ਪ੍ਰੇਮੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਐਨਾ ਹੀ ਨਹੀਂ ਅੱਜ ਸਵੇਰੇ ਨੌਜਵਾਨ ਦੋਵਾਂ ਦੀਆਂ ਲਾਸ਼ਾਂ ਨੂੰ ਇੱਕ ਪਿਕਅੱਪ ਗੱਡੀ ਵਿੱਚ ਪਾ ਕੇ ਸਦਰ ਥਾਣੇ ਪਹੁੰਚਿਆ ਅਤੇ ਵਾਰਦਾਤ ਨੂੰ ਅੰਜਾਮ ਦੇਣ ਦੀ ਗੱਲ ਕਬੂਲ ਵੀ ਕੀਤੀ। ਜ਼ਿਕਰਯੋਗ ਹੈ ਕਿ ਸਿਰਸਾ ਦੇ ਸਦਰ ਥਾਣਾ ਖੇਤਰ ਦੇ ਪਿੰਡ ਥੇਹੜ ਸਿਕੰਦਰਪੁਰ ਵਿੱਚ ਬੀਤੀ ਦੇਰ ਰਾਤ ਕਰੀਬ 2 ਵਜੇ ਰਾਜਕੁਮਾਰ ਨਾਂ ਦੇ ਨੌਜਵਾਨ ਨੇ ਆਪਣੀ ਮਾਂ ਅੰਗੂਰੀ ਦੇਵੀ ਅਤੇ ਉਸ ਦੇ ਪ੍ਰੇਮੀ ਲੇਖਰਾਜ ਦਾ ਚੁੰਨੀ ਨਾਲ ਗਲਾ ਘੁੱਟ ਕੇ ਕਤਲ ਕਰ ਦਿੱਤਾ। ਪੁਲੀਸ ਅਨੁਸਾਰ ਨੌਜਵਾਨ ਨੇ ਦੋਵਾਂ ਨੂੰ ਇਤਰਾਜ਼ਯੋਗ ਹਾਲਤ ਵਿੱਚ ਦੇਖ ਲਿਆ ਸੀ, ਜਿਸ ਤੋਂ ਬਾਅਦ ਉਸ ਨੇ ਦੋਹਰੇ ਕਤਲ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਅੱਜ ਸਵੇਰੇ ਕਰੀਬ 9:00 ਵਜੇ ਦੋਸ਼ੀ ਰਾਜਕੁਮਾਰ ਆਪਣੀ ਮਾਂ ਅਤੇ ਉਸਦੇ ਪ੍ਰੇਮੀ ਦੀਆਂ ਲਾਸ਼ਾਂ ਨੂੰ ਪਿਕਅੱਪ ਗੱਡੀ ਵਿੱਚ ਪਾ ਕੇ ਸਿਰਸਾ ਦੇ ਸਦਰ ਥਾਣੇ ਪਹੁੰਚਿਆ ਅਤੇ ਪੁਲੀਸ ਨੂੰ ਸਾਰੀ ਵਾਰਦਾਤ ਬਾਰੇ ਜਾਣਕਾਰੀ ਦਿੱਤੀ। ਪੁਲੀਸ ਅਨੁਸਾਰ ਦੋਸ਼ੀ ਨੌਜਵਾਨ ਨੇ ਦੱਸਿਆ ਕਿ ਉਸ ਨੇ ਆਪਣੀ ਮਾਂ ਨੂੰ ਪਹਿਲਾਂ ਵੀ ਕਈ ਵਾਰ ਸਮਝਾਇਆ ਸੀ, ਪਰ ਉਹ ਨਹੀਂ ਮੰਨੀ। ਪਿੰਡ ਥੇਹੜ ਸਿਕੰਦਰਪੁਰ ਵਿੱਚ ਹੋਏ ਇਸ ਦੋਹਰੇ ਕਤਲ ਤੋਂ ਬਾਅਦ ਸਨਸਨੀ ਫੈਲ ਗਈ ਹੈ ਅਤੇ ਲੋਕਾਂ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਚਰਚਾਵਾਂ ਹਨ। ਡੀਐਸਪੀ ਰਾਜੇਸ਼ ਕੁਮਾਰ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਵਾਂ ਲਾਸ਼ਾਂ ਦਾ ਪੋਸਟਮਾਰਟਮ ਲਈ ਭੇਜਿਆ ਗਿਆ ਹੈ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਚੜ੍ਹਦੀ ਸਵੇਰ ਸਵਾਰੀਆਂ ਨਾਲ ਭਰੀ ਬੱਸ ਦਾ ਭਿਆਨਕ ਐਕਸੀਡੈਂਟ, 2 ਲੋਕਾਂ ਦੀ ਮੌਤ



**ਕੋਟਾ।** ਰਾਜਸਥਾਨ ਦੇ ਕੋਟਾ ਵਿੱਚ ਚੜ੍ਹਦੀ ਸਵੇਰ ਵੱਡਾ ਹਾਦਸਾ ਵਾਪਰ ਗਿਆ। ਲਾਈਨ 8 'ਤੇ ਇੱਕ ਨਿੱਜੀ ਸਲੀਪਰ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ। ਹਾਦਸੇ ਵਿਚ ਦੋ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਸੱਤ-ਅੱਠ ਯਾਤਰੀ ਜ਼ਖ਼ਮੀ ਹੋ ਗਏ। ਕਲਪਨਾ ਟਰੈਵਲਜ਼ ਦੀ ਬੱਸ ਦਿੱਲੀ ਤੋਂ ਇੰਦੌਰ ਜਾ ਰਹੀ ਸੀ। ਇਸ ਵਿੱਚ ਲਗਭਗ 42 ਲੋਕ ਸਵਾਰ ਸਨ। ਜ਼ਖ਼ਮੀਆਂ ਨੂੰ ਇਲਾਜ ਲਈ ਕੋਟਾ ਦੇ ਨਿਊ ਮੈਡੀਕਲ ਕਾਲਜ ਹਸਪਤਾਲ ਲਿਜਾਇਆ ਗਿਆ। ਇਹ ਘਟਨਾ ਸਵੇਰੇ 4:30 ਵਜੇ ਦੇ ਕਰੀਬ ਵਾਪਰੀ। ਕੈਥੂਨ ਪੁਲਿਸ ਸਟੇਸ਼ਨ ਦੇ ਇੰਸਪੈਕਟਰ ਸੰਦੀਪ ਸ਼ਰਮਾ ਨੇ ਦੱਸਿਆ ਕਿ ਐਮਪੀ ਰਜਿਸਟ੍ਰੇਸ਼ਨ ਨੰਬਰ 8 ਵਾਲੀ ਇੱਕ ਸਲੀਪਰ ਬੱਸ ਅਰੰਦਖੇੜਾ ਨੇੜੇ ਪਾਰਲੀਆ ਦੀ ਲਾਈਨ 8 'ਤੇ ਇੱਕ ਅਣਪਛਾਤੇ ਵਾਹਨ ਨਾਲ ਟਕਰਾ ਗਈ। ਹਾਦਸੇ ਵਿੱਚ ਦੋ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਜਦਕਿ ਸੱਤ ਤੋਂ ਅੱਠ ਲੋਕ ਜ਼ਖ਼ਮੀ ਹੋ ਗਏ ਅਤੇ ਉਨ੍ਹਾਂ ਨੂੰ ਇਲਾਜ ਲਈ ਕੋਟਾ ਰੈਫਰ ਕੀਤਾ ਗਿਆ ਹੈ। ਹਾਦਸੇ ਦੇ ਕਾਰਨਾਂ ਦਾ ਫਿਲਹਾਲ ਪਤਾ ਨਹੀਂ ਲੱਗ ਸਕਿਆ ਹੈ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪੰਜਾਬ ਭਰ ’ਚ ਸਰਕਾਰੀ ਬੱਸਾਂ ਦਾ ਚੱਕਾ ਜਾਮ; ਥਾਂ-ਥਾਂ ਲੱਗੇ ਧਰਨੇ

**ਪਟਿਆਲਾ/ਬਠਿੰਡਾ।** ਕਿਲੋਮੀਟਰ ਸਕੀਮ ਦੀਆਂ ਬੱਸਾਂ ਪਾਉਣ ਸਬੰਧੀ ਜਾਰੀ ਰੇੜਕੇ ਨੂੰ ਲੈ ਕੇ ਪੀਆਰਟੀਸੀ, ਪੰਜਾਬ ਰੋਡਵੇਜ ਅਤੇ ਪਨਬਸ ਕੰਟਰੈਕਟ ਵਰਕਰ ਯੂਨੀਅਨ ਨੇ ਸ਼ੁੱਕਰਵਾਰ ਤੜਕੇ ਹੀ ਸੂਬਾ ਵਿਆਪੀ ਹੜਤਾਲ ਸ਼ੁਰੂ ਕਰਕੇ ਸਰਕਾਰੀ ਬੱਸਾਂ ਦਾ ਚੱਕਾ ਜਾਮ ਕਰ ਦਿੱਤਾ ਹੈ। ਇਸ ਦੌਰਾਨ ਪੀਆਰਟੀਸੀ ਦੇ ਮੁੱਖ ਦਫਤਰ ਵਾਲੇ ਸ਼ਹਿਰ ਪਟਿਆਲਾ ਸਮੇਤ ਕਈ ਹੋਰ ਥਾਵਾਂ ’ਤੇ ਵੀ ਬੱਸ ਅੱਡਿਆਂ ਦੀ ਤਾਲਾਬੰਦੀ ਕਰਕੇ ਧਰਨੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਮੁਲਾਜ਼ਮਾਂ ਨੇ ਕਿਹਾ ਕਿ ਕਿਲੋਮੀਟਰ ਸਕੀਮ ਦੇ ਵਿਰੋਧ ਵਿੱਚ ਜਾਰੀ ਇਨ੍ਹਾਂ ਧਰਨਿਆਂ ਤੋਂ ਪਹਿਲਾਂ ਹੀ ਅੱਜ ਵੱਡੇ ਤੜਕੇ ਪਟਿਆਲਾ ਸਮੇਤ ਪੰਜਾਬ ਭਰ ਵਿੱਚੋਂ ਯੂਨੀਅਨ ਦੇ ਕਈ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਯੂਨੀਅਨ ਦੇ ਸੂਬਾਈ ਬੁਲਾਰੇ ਹਰਕੇਸ਼ ਵਿੱਕੀ (ਪਟਿਆਲਾ) ਨੇ ਦੱਸਿਆ ਕਿ



ਸਰਕਾਰ ਦੇ ਇਸ ਜਬਰ ਦੇ ਵਿਰੋਧ ਵਿੱਚ ਜਾਰੀ ਇਸ ਸੰਘਰਸ਼ ਨੂੰ ਅੱਜ ਸਰਕਾਰੀ ਮੁਲਾਜ਼ਮਾਂ ਵੱਲੋਂ ਵੀ ਹਮਾਇਤ ਦਿੱਤੀ ਗਈ ਹੈ॥ ਇਸ ਦੌਰਾਨ ਸਾਥੀ ਮੁਲਾਜ਼ਮਾਂ ਦੀ ਗ੍ਰਿਫਤਾਰੀ ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰ ਰਹੇ ਪੀਆਰਟੀਸੀ, ਪੰਜਾਬ ਰੋਡਵੇਜ ਅਤੇ ਪਨਬਸ ਵਰਕਰ ਯੂਨੀਅਨ ਦੇ ਕਈ ਆਗੂ ਆਤਮਦਾਹ ਦੀ ਧਮਕੀ ਦਿੰਦਿਆਂ ਪੈਟਰੋਲ ਦੀਆਂ ਬੋਤਲਾਂ ਨਾਲ ਬੱਸਾਂ ਦੀਆਂ ਛੱਤਾਂ ਅਤੇ ਓਵਰ ਬ੍ਰਿਜ ’ਤੇ ਚੜ੍ਹ ਗਏ। ਪਟਿਆਲਾ ਪ੍ਰਦਰਸ਼ਨ ਦੀ ਅਗਵਾਈ ਯੂਨੀਅਨ ਦੇ ਸਵਾਈ ਮੀਤ ਪ੍ਰਧਾਨ ਹਰਕੇਸ਼ ਵਿੱਕੀ ਵੱਲੋਂ ਕੀਤੀ ਜਾ ਰਹੀ ਹੈ। ਉੱਧਰ ਬੱਸ ਅੱਡੇ ਦੇ ਬਾਹਰ ਡੀਐੱਸਪੀ ਜੰਗਜੀਤ ਸਿੰਘ ਦੀ ਅਗਵਾਈ ਹੇਠਾਂ ਵੱਡੀ ਗਿਣਤੀ ਵਿੱਚ ਪੁਲੀਸ ਫੋਰਸ ਵੀ ਤੈਨਾਤ ਕਰ ਦਿੱਤੀ ਗਈ ਹੈ। ਮੁਲਾਜ਼ਮਾਂ ਦੇ ਪ੍ਰਦਰਸ਼ਨ ਕਾਰਨ ਚੰਡੀਗੜ੍ਹ ਰਾਜਪੁਰਾ ਅਤੇ ਦਿੱਲੀ ਵੱਲ ਜਾਣ ਵਾਲੇ ਰਾਹਗੀਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੱਥੋਂ ਤੱਕ ਕਿ ਪੰਜਾਬੀ ਯੂਨੀਵਰਸਿਟੀ ਦੇ ਮੁਲਾਜ਼ਮ ਵੀ ਹੋਰ ਰਸਤਿਆਂ ਰਾਹੀਂ ਆਪਣੀ ਡਿਉਟੀ ’ਤੇ ਪੁੱਜ ਰਹੇ ਹਨ।

**ਬਠਿੰਡਾ ਵਿੱਚ ਵੀ ਮੁਲਾਜ਼ਮਾਂ ਵੱਲੋਂਰੋਸ ਪ੍ਰਦਰਸ਼ਨ**

ਕਿਲੋਮੀਟਰ ਸਕੀਮ ਦੇ ਵਿਰੋਧ ਵਿੱਚ ਬਠਿੰਡਾ ਵਿੱਚ ਪੀਆਰਟੀਸੀ ਅਤੇ ਪਨਬਸ ਕੰਟ੍ਰੈਕਟ ਵਰਕਰ ਯੂਨੀਅਨ ਵਲੋਂ ਅੱਜ ਤੜਕੇ ਤਿੱਖਾ ਰੋਸ ਪ੍ਰਦਰਸ਼ਨ ਸ਼ੁਰੂ ਕੀਤਾ ਗਿਆ। ਬਠਿੰਡਾ ਡਿੱਪੂ ਵਿੱਚ ਵੀ ਪ੍ਰਦਰਸ਼ਨਕਾਰੀ ਪੈਟਰੋਲ ਦੀਆਂ ਬੋਤਲਾਂ ਲੈ ਪਾਣੀ ਵਾਲੀ ਟੈਂਕੀ ਤੇ ਚੜ ਗਏ। ਪ੍ਰਦਰਸ਼ਨ ਦੀ ਅਗਵਾਈ ਡਿੱਪੂ ਪ੍ਰਧਾਨ ਹਰਤਾਰ ਸ਼ਰਮਾ, ਚੇਅਰਮੈਨ ਰਵਿੰਦਰ ਸਿੰਘ, ਕਲੁਵੰਤ ਸਿੰਘ ਮਨੇਸ ਸਮੇਤ ਹੋਰ ਆਗੂਆਂ ਨੇ ਕੀਤੀ। ਇਸ ਦੌਰਾਨ ਵੱਡੀ ਗਿਣਤੀ ਵਿੱਚ ਸਥਾਨਕ ਪੁਲੀਸ ਮੌਕੇ ’ਤੇ ਪਹੁੰਚੀ ਅਤੇ ਵਿਰੋਧ ਕਰ ਰਹੇ ਕਈ ਆਗੂਆਂ ਨੂੰ ਗ੍ਰਿਫਤਾਰ ਕਰਕੇ ਹਿਰਾਸਤ ਵਿੱਚ ਲੈ ਕੇ ਬੱਸਾਂ ਰਾਹੀਂ ਵੱਖ-ਵੱਖ ਥਾਣਿਆ ਵਿੱਚ ਭੇਜ ਦਿੱਤਾ ਗਿਆ ਹੈ। ਯੂਨੀਅਨ ਦੇ ਨੁਮਾਇੰਦਿਆਂ ਨੇ ਕਿਹਾ ਕਿ ਕਿਲੋਮੀਟਰ ਸਕੀਮ ਖ਼ਿਲਾਫ ਅੱਜ 11 ਵਜੇ ਤੋਂ 1 ਵਜੇ ਤੱਕ ਯੂਨੀਅਨ ਵਲੋਂ ਗੇਟ ਰੈਲੀ ਰੱਖੀ ਗਈ ਸੀ।ਉਨ੍ਹਾਂ ਕਿਹਾ ਕਿਲੋਮੀਟਰ ਸਕੀਮ ਮੁਲਾਜ਼ਮਾਂ ਦੇ ਹਿੱਤਾਂ ਦੇ ਖ਼ਿਲਾਫ਼ ਹੈ ਅਤੇ ਗ੍ਰਿਫ਼ਤਾਰ ਕੀਤੇ ਸਾਥੀਆਂ ਨੂੰ ਬਿਨਾ ਦੇਰੀ ਰਿਹਾਅ ਕੀਤਾ ਜਾਵੇ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਭਰਾਤਰੀ ਜਥੇਬੰਦੀ ਨੂੰ ਨਾਲ ਲੈ ਕਿ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।ਪ੍ਰਦਰਸ਼ਨ ਕਾਰਨ ਬਠਿੰਡਾ ਬੱਸ ਅੱਡੇ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ। ਲੁਧਿਆਣਾ, ਫਰੀਦਕੋਟ, ਮਾਨਸਾ ਅਤੇ ਚੰਡੀਗੜ੍ਹ ਵੱਲ ਜਾਣ ਵਾਲੇ ਯਾਤਰੀਆਂ ਨੂੰ ਰੁਕਾਵਟਾਂ ਅਤੇ ਦੇਰੀ ਦਾ ਸਾਹਮਣਾ ਕਰਨਾ ਪਿਆ।

# ਕਾਰ ਉੱਤੇ ਬਜਰੀ ਦਾ ਭਰਿਆ ਟਰੱਕ ਪਲਟਣ ਕਾਰਨ 7 ਵਿਅਕਤੀਆਂ ਦੀ ਮੌਤ



**ਸਹਾਰਨਪੁਰ।** ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਵਿੱਚ ਅੱਜ ਇੱਕ ਡੰਪਰ ਟਰੱਕ ਬੇਕਾਬੂ ਹੋ ਕੇ ਕਾਰ ਤੇ ਪਲਟ ਗਿਆ। ਇਸ ਹਾਦਸੇ ਵਿਚ ਇਕ ਬੱਚੇ ਸਮੇਤ ਸੱਤ ਲੋਕਾਂ ਦੀ ਮੌਤ ਹੋ ਗਈ। ਡੰਪਰ ਬੱਜਰੀ ਨਾਲ ਲੱਦਿਆ ਹੋਇਆ ਸੀ। ਤੇਜ਼ ਰਫ਼ਤਾਰ ਕਾਰਨ, ਡੰਪਰ ਨੇ ਆਪਣਾ ਕੰਟਰੋਲ ਗੁਆ ਦਿੱਤਾ ਅਤੇ ਨਾਲ ਜਾ ਰਹੀ ਇੱਕ ਕਾਰ ਤੇ ਪਲਟ ਗਿਆ। ਡੰਪਰ ਤੇ ਲੱਦੀ ਬੱਜਰੀ ਵੀ ਕਾਰ ਤੇ ਡਿੱਗ ਪਈ। ਪੂਰੀ ਕਾਰ ਡੰਪਰ ਅਤੇ ਬੱਜਰੀ ਹੇਠ ਦੱਬ ਗਈ। ਤਿੰਨ ਕਰੇਨਾਂ ਦੀ ਮਦਦ ਨਾਲ ਡੰਪਰ ਨੂੰ ਪਾਸੇ ਕੀਤਾ ਗਿਆ। ਇਸ ਦੌਰਾਨ, ਲੋਕਾਂ ਨੂੰ ਬੱਜਰੀ ਹਟਾਉਣ ਲਈ ਘੰਟਿਆਂ ਤੱਕ ਜੱਦੋ-ਜਹਿਦ ਕਰਨੀ ਪਈ। ਕਾਰ ਵਿੱਚ ਸਵਾਰ ਲੋਕ ਤੜਫਦੇ ਰਹੇ। ਬਾਅਦ ਵਿਚ, ਕਾਰ ਦੀ ਛੱਤ ਨੂੰ ਕੱਟਿਆ ਗਿਆ ਅਤੇ ਵਿਚ ਫਸੇ ਹੋਏ ਯਾਤਰੀਆਂ ਨੂੰ ਬਾਹਰ ਕੱਢਿਆ ਗਿਆ। ਹਾਦਸੇ ਤੋਂ ਬਾਅਦ ਡੰਪਰ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਸ਼ਹਿਰ ਦੇ ਪੁਲੀਸ ਸੁਪਰਡੈਂਟ ਵਿਓਮ ਬਿੰਦਲ ਨੇ ਕਿਹਾ ਕਿ ਕਾਰ ਵਿਚੋਂ ਚਾਰ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਉਨ੍ਹਾਂ ਨੂੰ ਪੋਸਟਮਾਰਟਮ ਲਈ ਹਸਪਤਾਲ ਭੇਜ ਦਿੱਤਾ ਗਿਆ ਹੈ। ਮ੍ਰਿਤਕਾਂ ਦੀ ਪਛਾਣ ਕੀਤੀ ਜਾ ਰਹੀ ਹੈ। ਮਾਮਲਾ ਗਗਲਹੇੜੀ ਪੁਲੀਸ ਸਟੇਸ਼ਨ ਵਿੱਚ ਦਰਜ ਕੀਤਾ ਗਿਆ ਹੈ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.


MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਭਾਸ਼ਾ ਵਿਭਾਗ ਅਤੇ ਸਿਰਜਣਾ ਕੇਂਦਰ ਦੇ ਸਾਂਝੇ ਯਤਨਾਂ ਨਾਲ ਕੇਂਦਰ ਦੇ ਦਫ਼ਤਰ ਵਿਖੇ ਕਵੀ-ਦਰਬਾਰ ਦਾ ਆਯੋਜਨ


**ਕਪੂਰਥਲਾ, (ਕੌੜਾ)–** ਹਰ ਸਾਲ ਨਵੰਬਰ ਮਹੀਨਾ ਪੰਜਾਬੀ ਮਾਹ ਵਜੋਂ ਮਨਾਇਆ ਜਾਂਦਾ ਹੈ ਜਿਸਦੇ ਮੱਦੇਨਜ਼ਰ ਪੰਜਾਬ ਸਰਕਾਰ, ਭਾਸ਼ਾ ਵਿਭਾਗ ਪੰਜਾਬ ਅਤੇ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਭਾਸ਼ਾ ਦਫਤਰਾਂ ਵੱਲੋਂ ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਸਾਹਿਤ ਨੂੰ ਸਮਰਪਿਤ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਇਸੇ ਲੜੀ ਨੂੰ ਅੱਗੇ ਤੋਰਦਿਆਂ ਜ਼ਿਲ੍ਹਾ ਭਾਸ਼ਾ ਦਫ਼ਤਰ ਕਪੂਰਥਲਾ ਅਤੇ ਜ਼ਿਲ੍ਹੇ ਦੀ ਸਾਹਿਤਕ ਸੰਸਥਾ ਸਿਰਜਣਾ ਕੇਂਦਰ ਦੇ ਆਪਸੀ ਸਹਿਯੋਗ ਨਾਲ ਇਸ ਐਤਵਾਰ ਮਿਤੀ 30 ਨਵੰਬਰ ਨੂੰ ਦਫ਼ਤਰ ਵਿਰਸਾ ਵਿਹਾਰ ਕਪੂਰਥਲਾ ਵਿਖੇ "ਸਿਰਜਣਾ ਦੇ ਪਾਂਧੀ" ਨਾਮਕ ਕਾਵਿ ਮਹਿਫ਼ਿਲ ਕਰਵਾਈ ਜਾ ਰਹੀ ਹੈ। ਇਸ ਕਾਵਿ ਮਹਿਫ਼ਿਲ ਵਿੱਚ ਪੂਰੇ ਜ਼ਿਲ੍ਹੇ ਤੋਂ ਵੱਡੀ ਗਿਣਤੀ ਵਿੱਚ ਲੇਖਕ ਅਤੇ ਕਵੀ ਸ਼ਾਮਿਲ ਹੋਣਗੇ। ਜ਼ਿਲ੍ਹਾ ਭਾਸ਼ਾ ਅਫ਼ਸਰ ਜਸਪ੍ਰੀਤ ਕੌਰ, ਕੇਂਦਰ ਦੇ ਪ੍ਰਧਾਨ ਸ਼ਾਇਰ ਕੰਵਰ ਇਕਬਾਲ ਸਿੰਘ ਅਤੇ ਜਨਰਲ ਸਕੱਤਰ ਸ਼ਹਿਬਾਜ਼ ਖ਼ਾਨ ਕੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ



ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਡਾ. ਸਰਵਣ ਸਿੰਘ ਪ੍ਰਦੇਸੀ ਅਤੇ ਵਿਸ਼ੇਸ਼ ਮਹਿਮਾਨ ਪ੍ਰਿੰ. ਕੇਵਲ ਸਿੰਘ ਰੱਤੜਾ ਹਾਜ਼ਰ



ਹੋਣਗੇ। ਜਨਰਲ ਸਕੱਤਰ ਸ਼ਹਿਬਾਜ਼ ਖ਼ਾਨ ਨੇ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਮੈਡਮ ਜਸਪ੍ਰੀਤ ਕੌਰ ਜ਼ਿਲ੍ਹਾ ਭਾਸ਼ਾ ਅਫ਼ਸਰ



ਅਤੇ ਕੇਂਦਰ ਦੇ ਪ੍ਰਧਾਨ ਕੰਵਰ ਇਕਬਾਲ ਸਿੰਘ ਕਰਨਗੇ। ਇਸ ਮੌਕੇ ਹਾਜ਼ਰ ਹੋਏ ਕਵੀਆਂ/ਸ਼ਾਇਰਾਂ ਦਾ ਕਵੀ ਦਰਬਾਰ ਹੋਵੇਗਾ। ਉਹਨਾਂ ਇਹ ਵੀ ਆਖਿਆ ਕਿ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਅਜਿਹੀਆਂ ਗਤੀਵਿਧੀਆਂ ਸ਼ਲਾਘਾਯੋਗ ਹਨ। ਕੇਂਦਰ ਦੇ ਸੀਨੀਅਰ ਮੀਤ ਪ੍ਰਧਾਨ ਆਸ਼ੂ ਕੁਮਰਾ, ਵਿੱਤ ਸਕੱਤਰ ਮਲਕੀਤ ਸਿੰਘ ਮੀਤ, ਸਲਾਹਕਾਰ ਡਾ. ਸੁਰਿੰਦਰ ਪਾਲ ਸਿੰਘ ਅਵਤਾਰ ਸਿੰਘ ਗਿੱਲ, ਅਵਤਾਰ ਸਿੰਘ ਭੰਡਾਲ ਨੇ ਜਾਣਕਾਰੀ ਦਿੱਤੀ ਕਿ ਇਸ ਮੌਕੇ ਜ਼ਿਲ੍ਹਾ ਭਾਸ਼ਾ ਦਫ਼ਤਰ ਕਪੂਰਥਲਾ ਅਤੇ ਕਿਤਾਬ ਮੰਚ ਕਪੂਰਥਲਾ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਮੁਫ਼ਤ ਕਿਤਾਬਾਂ ਭੇਂਟ ਕਰਨ ਦਾ ਉਪਰਾਲਾ ਵੀ ਕੀਤਾ ਜਾਵੇਗਾ।

# ਪੰਜਾਬ ਪ੍ਰਦੇਸ਼ ਵਪਾਰ ਮੰਡਲ ਵੱਲੋਂ ਬਕਾਇਆ ਜੀਐਸਟੀ ਅਤੇ ਵੈਟ ਰਿਫੰਡ ਦੀ ਤੁਰੰਤ ਪ੍ਰਵਾਨਗੀ ਦੀ ਮੰਗ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਅੱਜ, ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੇ ਇੱਕ ਵਫ਼ਦ, ਜਿਸ ਵਿੱਚ ਸੂਬਾ ਸਕੱਤਰ ਆਯੂਸ਼ ਅਗਰਵਾਲ, ਜ਼ਿਲ੍ਹਾ ਪ੍ਰਧਾਨ ਪ੍ਰਵੀਨ ਗੋਇਲ ਅਤੇ ਜ਼ਿਲ੍ਹਾ ਜਨਰਲ ਸਕੱਤਰ ਪ੍ਰਵੀਨ ਸ਼ਰਮਾ, ਵਿਸ਼ਾਲ ਪੁਰੀ ਅਤੇ ਨਵਦੀਪ ਸਿੰਘ ਸ਼ਾਮਲ ਸਨ, ਨੇ ਪੰਜਾਬ ਸਟੇਟ ਟੈਕਸ ਬਾਰ ਐਸੋਸੀਏਸ਼ਨ ਨਾਲ ਇੱਕ ਮੀਟਿੰਗ ਵਿੱਚ ਸ਼ਿਰਕਤ ਕੀਤੀ। ਬਕਾਇਆ ਜੀਐਸਟੀ ਅਤੇ ਵੈਟ ਰਿਫੰਡਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ।ਪੰਜਾਬ ਭਾਜਪਾ ਅਤੇ ਸਟੇਟ ਟੈਕਸ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਅਨਿਲ ਸਰੀਨ ਵੀ ਮੀਟਿੰਗ ਵਿੱਚ ਮੌਜੂਦ ਸਨ।



ਆਗੂਆਂ ਨੇ ਮਈ 2025 ਤੋਂ ਸਰਕਾਰ ਵੱਲੋਂ ਵਪਾਰੀਆਂ ਨੂੰ ਬਕਾਇਆ ਲਗਭਗ ₹600 ਕਰੋੜ ਰੁਪਏ ਦੇ ਰਿਫੰਡ ਦਾ ਮੁੱਦਾ ਉਠਾਇਆ। ਉਨ੍ਹਾਂ ਨੇ ਜੀਐਸਟੀ ਵਿਭਾਗ ਵੱਲੋਂ ਕੀਤੀ ਜਾ ਰਹੀ ਪਰੇਸ਼ਾਨੀ ਨੂੰ ਵੀ ਉਜਾਗਰ ਕੀਤਾ ਅਤੇ ਦੋਸ਼ ਲਗਾਇਆ ਕਿ ਜੀਐਸਟੀ ਅਧਿਕਾਰੀ ਸ਼ਹਿਰ ਵਿੱਚ ਮਾਲਕ ਫਰਮਾਂ ਦੇ ਅਚਾਨਕ ਦੌਰੇ ਕਰ ਰਹੇ ਹਨ। 2017 ਤੋਂ, ਜੇਕਰ ਕੋਈ ਵਪਾਰੀ ਆਪਣਾ ਸਾਰਾ ਕਾਰੋਬਾਰ ਕਰਦਾ ਹੈ ਜਾਂ ਨਿੱਜੀ ਕੰਮ ਲਈ ਬਾਹਰ ਰਹਿੰਦਾ ਹੈ, ਅਤੇ ਅਧਿਕਾਰੀਆਂ ਨੂੰ ਉਸਦੀ ਦੁਕਾਨ ਬੰਦ ਮਿਲਦੀ ਹੈ, ਤਾਂ ਉਨ੍ਹਾਂ ਨੇ ਉਸਦੇ ਘਸ਼ਠ ਨੰਬਰ ਨੂੰ ਮੁਅੱਤਲ ਕਰਨ ਅਤੇ ਉਸ ਤੋਂ ਸਾਮਾਨ ਖਰੀਦਣ ਵਾਲੇ ਵਪਾਰੀਆਂ ਨੂੰ ਨੋਟਿਸ ਭੇਜਣ ਦੇ ਆਦੇਸ਼ ਜਾਰੀ ਕੀਤੇ ਹਨ, ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਉਹ ਗਲਤ ਠਿਛ ਵਾਪਸ ਕਰਨ। ਇਨ੍ਹਾਂ ਆਗੂਆਂ ਦਾ ਕਹਿਣਾ ਹੈ ਕਿ ਜਦੋਂ ਸਰਕਾਰ ਦਾਅਵਾ ਕਰਦੀ ਹੈ ਕਿ ਘਸ਼ਠ ਸਲੈਬਾਂ ਵਿੱਚ ਕਮੀ ਕਾਰਨ ਨਵੇਂ ਵਪਾਰੀ ਰਜਿਸਟਰ ਹੋ ਰਹੇ ਹਨ, ਤਾਂ ਠਿਛ ਰਿਵਰਸਲ ਗਲਤ ਤਰੀਕੇ ਨਾਲ ਅਸਲ ਵਪਾਰੀਆਂ ਤੋਂ ਰੋਕੇ ਜਾ ਰਹੇ ਹਨ, ਜਿਸਦੇ ਨਤੀਜੇ ਵਜੋਂ ਘਸ਼ਠ ਨੰਬਰ ਗਲਤ ਤਰੀਕੇ ਨਾਲ ਰੋਕੇ ਜਾ ਰਹੇ ਹਨ। ਇਸ ਮੀਟਿੰਗ ਵਿੱਚ ਇੱਕ ਹੋਰ ਮੁੱਦਾ ਉਠਾਇਆ ਗਿਆ ਕਿ ਵੈਟ ਦੀ ਮਿਆਦ ਦੌਰਾਨ 5% ਐਡਵਾਂਸ ਟੈਕਸ ੂਧਢਫ ਬੈਂਕ ਵਿੱਚ ਸਰਕਾਰ ਦੇ ਖਾਤੇ ਵਿੱਚ ਜਮ੍ਹਾ ਕੀਤਾ ਗਿਆ ਸੀ। ਇਹ ਪੰਜਾਬ ਸਰਕਾਰ ਦੁਆਰਾ ਸੂਚਿਤ ਕੀਤੀਆਂ ਗਈਆਂ ਚੀਜ਼ਾਂ, ਜਿਵੇਂ ਕਿ ਧਾਗਾ, ਕੱਪੜਾ, ਆਟੋ ਪਾਰਟਸ, ਆਦਿ 'ਤੇ ਸੀ। ਇਹ ਰਕਮ ਅਜੇ ਵੀ ੂਧਢਫ ਬੈਂਕ ਵਿੱਚ ਸਰਕਾਰ ਦੇ ਖਾਤੇ ਵਿੱਚ ਹੈ, ਅਤੇ ਨਾ ਤਾਂ ਸਰਕਾਰ ਨੂੰ ਅਤੇ ਨਾ ਹੀ ਵਪਾਰੀਆਂ ਨੂੰ ਵਾਪਸ ਕੀਤੀ ਜਾ ਰਹੀ ਹੈ, ਨਾ ਹੀ ਇਸ ਰਕਮ ਨੂੰ ਘਸ਼ਠ ਵਿੱਚ ਐਡਵਾਂਸ ਟੈਕਸ ਦੇ ਵਿਰੁੱਧ ਐਡਜਸਟ ਕੀਤਾ ਜਾ ਰਿਹਾ ਹੈ। ਪੰਜਾਬ ਡਾਇਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਬੌਬੀ ਜਿੰਦਲ, ਯੂਨਾਈਟਿਡ ਸਾਈਕਲ ਪਾਰਟਸ ਦੇ ਪ੍ਰਧਾਨ ਜਤਿੰਦਰ ਮਿੱਤਲ ਅਤੇ ਹੋਰ ਵਪਾਰਕ ਸੰਗਠਨਾਂ ਦੇ ਅਧਿਕਾਰੀ ਮੀਟਿੰਗ ਵਿੱਚ ਮੌਜੂਦ ਸਨ ਅਤੇ ਸਾਰਿਆਂ ਨੇ ਸਰਬਸੰਮਤੀ ਨਾਲ ਸਰਕਾਰ ਨੂੰ ਅਗਲੇ 10 ਦਿਨਾਂ ਦਾ ਅਲਟੀਮੇਟਮ ਦਿੱਤਾ ਜਿਸ ਵਿੱਚ ਸਰਕਾਰ ਨੂੰ ਅਕਤੂਬਰ 2025 ਤੱਕ ਦੇ ਸਾਰੇ ਰਿਫੰਡਾਂ ਦਾ ਬੈਕਲਾਗ ਕਲੀਅਰ ਕਰਨਾ ਹੋਵੇਗਾ, ਨਹੀਂ ਤਾਂ ਸੂਬੇ ਦੇ ਵਪਾਰੀਆਂ ਦਾ ਸਮੂਹ ਹਰ ਜ਼ਿਲ੍ਹੇ ਦੇ ਸੇਲਜ਼ ਟੈਕਸ ਦਫਤਰਾਂ ਦਾ ਘਿਰਾਓ ਕਰੇਗਾ ਅਤੇ ਰਿਫੰਡ

# ਲੁਧਿਆਣਾ ਸਿਟੀਜਨ ਕੌਂਸਲ ਦਾ ਮੁੱਖ ਉਦੇਸ਼ ਜਨ ਸੇਵਾ, ਨਰਾਇਣ ਸੇਵਾ – ਦਰਸ਼ਨ ਅਰੋੜਾ

## ਸਰਕਾਰੀ ਸਕੂਲ ਸਲੇਮਪੁਰ ਦੇ ਹੋਣਹਾਰ ਬੱਚਿਆਂ ਨੂੰ ਕੰਬਲ ਵੰਡੇ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਲੁਧਿਆਣਾ ਸਿਟੀਜਨ ਕੌਂਸਲ ਦੇ ਚੇਅਰਮੈਨ ਦਰਸ਼ਨ ਅਰੋੜਾ ਦੀ ਪ੍ਰਧਾਨਗੀ ਹੇਠ ਇੱਕ ਵਫਦ ਸਰਕਾਰੀ ਮਿਡਲ ਸਕੂਲ ਸਲੇਮਪੁਰ ਪੁੱਜਾ ਜਿੱਥੇ ਵਫਦ ਦਾ ਸਵਾਗਤ ਪ੍ਰਿੰਸੀਪਲ ਹਰਜੀਤ ਸਿੰਘ, ਸਰਪੰਚ ਅੰਗਰੇਜ਼ ਸਿੰਘ, ਇੰਦਰਜੀਤ ਸਿੰਘ, ਸੁਖਦੇਵ ਸੁਲੀਮਪੁਰੀ, ਰਾਣਾ ਸੰਧੂ, ਅਧਿਆਪਕ ਸੁਨੀਲ ਕੁਮਾਰ ਅਤੇ ਦਵਿੰਦਰ ਸਿੰਘ ਨੇ ਸਿਰੋਪੇ ਪਾ ਕੇ ਕੀਤਾ। ਇਸ ਮੌਕੇ ਕੌਂਸਲ ਵੱਲੋਂ 150 ਦੇ ਕਰੀਬ ਹੋਣਹਾਰ ਬੱਚਿਆਂ ਨੂੰ ਕੰਬਲ ਵੰਡੇ ਗਏ ਅਤੇ ਦਰਸ਼ਨ ਅਰੋੜਾ ਨੇ ਬੋਲਦਿਆਂ ਆਖਿਆ ਕਿ ਸਾਡੀ ਕੌਂਸਲ ਦਾ ਮੁੱਖ ਉਦੇਸ਼ ਹੀ ਨਰ ਸੇਵਾ ਨਰਾਇਣ ਸੇਵਾ ਹੈ। ਇਸ ਮੌਕੇ ਉਪ ਚੇਅਰਮੈਨ ਅਸ਼ੋਕ ਧੀਰ ਨੇ ਬੱਚਿਆਂ ਨੂੰ ਆਪਣੇ ਮਾਂ ਬਾਪ ਅਤੇ ਅਧਿਆਪਕਾਂ ਦੀ ਮਹੱਤਤਾ ਬਾਰੇ ਸਮਝਾਇਆ ਅਤੇ ਪ੍ਰੇਰਿਤ ਕੀਤਾ । ਉਪ ਚੇਅਰਮੈਨ ਕਮਲਜੀਤ ਸੋਹੀ ਨੇ ਵੀ ਬੱਚਿਆਂ ਨੂੰ ਵੱਡੇ ਸੁਪਨੇ ਵੇਖਣ ਅਤੇ ਸਾਕਾਰ ਕਰਨ ਲਈ ਲਗਨ ਅਤੇ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ । ਇਸ ਮੌਕੇ ਸੀਨੀਅਰ ਉਪ ਪ੍ਰਧਾਨ ਅਵਤਾਰ ਸਿੰਘ ਅਤੇ ਹੋਰਨਾਂ ਤੋਂ ਇਲਾਵਾ ਮਨਜੀਤ ਸਿੰਘ, ਅਜੇ ਸਿੱਧੂ, ਰਜਨੀਸ਼ ਧਵਨ ਆਦਿ ਪ੍ਰਮੁੱਖ ਤੌਰ ਤੇ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸੰਤ ਜੂਡਸ ਕਾਨਵੇਂਟ ਸਕੂਲ ਵਿਖੇ ਸਲਾਨਾ ਸਮਾਗਮ ਕਰਵਾਇਆ ਗਿਆ

## ਬੱਚਿਆਂ ਵਲੋਂ ਪੇਸ਼ ਕੀਤਾ ਪ੍ਰੋਗਰਾਮ ਖਿੱਚ ਦਾ ਕੇਂਦਰ ਰਿਹਾ






ਜੋਤੀ ਨੂੰ ਰੋਸ਼ਨ ਕਰਦੇ ਮੁੱਖ ਮਹਿਮਾਨ ਤੇ ਐਸ. ਐਚ. ਓ ਪੰਕਜ ਕੁਮਾਰ ਸੰਬੋਧਨ ਕਰਦੇ ਹੋਏ ਅਤੇ ਬੱਚੇ ਪ੍ਰੋਗਰਾਮ ਪੇਸ਼ ਕਰਦੇ ਹੋਏ।

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਸਕੂਲ ਡਾਇਰੈਕਟਰ ਫਾਦਰ ਜੇਮਸ ਉਲਾਟਿਲ ਅਤੇ ਸਹਾਇਕ ਡਾਇਰੈਕਟਰ ਫਾਦਰ ਸ਼ਿਬਿਨ ਅਤੇ ਸਕੂਲ ਪ੍ਰਿੰਸੀਪਲ ਸਿਸਟਰ ਜੈਸੀ ਦੀ ਸਰਪ੍ਰਸਤੀ ਹੇਠ ਸੰਤ ਜੂਡਸ ਕਾਨਵੈਂਟ ਸਕੂਲ ਮਹਿਤਪੁਰ ਵੱਲੋਂ 26 ਨਵੰਬਰ 2025 ਨੂੰ ਆਪਣਾ ਸਲਾਨਾ ਦਿਵਸ ਮਨਾਇਆ ਗਿਆ। ਇਸ ਸਮੇਂ ਤੇ ਫਾਦਰ ਮੈਥਿਊ ਪਾਲਾਚੂਵੀਟਿਲ ਨੇ ਮੁੱਖ ਮਹਿਮਾਨ ਵਜੋਂ ਇਸ ਪ੍ਰੋਗਰਾਮ ਦੀ ਸ਼ਿਰਕਤ ਕੀਤੀ ਅਤੇ ਉਸਦੇ ਨਾਲ ਨਾਲ ਫਾਦਰ ਸਾਈਨ ਸਕਿਰੀਆ, ਐਸ ਐਚ ਓ ਮਹਿਤਪੁਰ ਸ਼੍ਰੀ ਪੰਕਜ ਕੁਮਾਰ, ਸਾਬਕਾ ਐਸ ਡੀ ਓ ਸ੍ਰੀ ਬਲਵਿੰਦਰ ਸਿੰਘ ਵੀ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਇਸ ਦੇ ਨਾਲ ਨਾਲ ਇਲ-ਾਕੇ ਦੀਆਂ ਹੋਰ ਮਸ਼ਹੂਰ ਸ਼ਖਸੀਅਤਾਂ ਨੇ ਵੀ ਇਸ ਪ੍ਰੋਗਰਾਮ ਵਿੱਚ ਪਹੁੰਚ ਕੇ ਚਾਰ ਚੰਨ ਲਗਾਏ। ਪ੍ਰਾਰਥਨਾ ਨਾਚ ਦੇ ਨਾਲ ਇਸ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਮੁੱਖ ਮਹਿਮਾਨਾਂ ਨੇ ਜੋਤੀ ਨੂੰ ਰੋਸ਼ਨ ਕਰਕੇ ਪ੍ਰੋਗਰਾਮ ਨੂੰ ਅੱਗੇ ਤੋਰਿਆ ਇਸ ਸਮੇਂ ਦੌਰਾਨ ਬੱਚਿਆਂ ਵੱਲੋਂ ਪੇਸ਼ ਕੀਤੇ ਗਏ ਵੱਖ-ਵੱਖ ਨਾਚ ਅਤੇ ਨਾਟਕ ਦੇਖਣ ਵਾਲਿਆਂ ਦੀ ਖਿੱਚ ਦਾ ਕੇਂਦਰ ਬਣੇ ਬੱਚਿਆਂ ਵੱਲੋਂ ਇਹਨਾਂ ਨਾਟਕਾਂ ਰਾਹੀਂ ਇੱਕ ਸਮਾਜ ਨੂੰ ਸੇਧ ਦੇਣ ਦੀ ਕੋਸ਼ਿਸ਼ ਕੀਤੀ ਗਈ। ਇਸ ਸਮੇਂ ਤੇ ਐਸ ਐਚ ਓ ਮਹਿਤਪੁਰ ਵੱਲੋਂ ਆਪਣੀ ਵਿਚਾਰਾ ਨੂੰ ਪ੍ਰਗਟ ਕੀਤਾ ਗਿਆ। ਉਨਾਂ ਵੱਲੋਂ ਸਮਾਜ ਵਿੱਚ ਫੈਲੀ ਹੋਈ ਭਿਆਨਕ ਨਸ਼ਿਆਂ ਦੀ ਬਿਮਾਰੀ ਨੂੰ ਹੱਲ ਕਰਨ ਲਈ ਕੀਤੇ ਜਾਣ ਵਾਲੇ ਯਤਨਾਂ ਬਾਰੇ ਵਿਚਾਰ ਚਰਚਾ ਕੀਤੀ ਗਈ ਅਤੇ ਬੱਚਿਆਂ ਨੂੰ ਇਹਨਾਂ ਬਿਮਾਰੀਆਂ ਤੋਂ ਦੂਰ ਰਹਿਣ ਲਈ ਕਿਹਾ ਗਿਆ। ਇਸ ਸਮੇਂ ਤੇ ਫਾਦਰ ਮੈਥਿਊ ਪਾਲਾਚੂਵੀਟਿਲ ਨੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਸਕੂਲ ਵਿੱਚ ਬੱਚਿਆਂ ਵੱਲੋਂ ਪੇਸ਼ ਕੀਤੇ ਪ੍ਰੋਗਰਾਮ ਦੀ ਸ਼ਲਾਘਾ ਚਲਾਗਾ ਆਉਣੀ ਆ ਕੀਤੀ ਗਈ ਉਹਨਾਂ ਨੇ ਸਕੂਲ ਅਤੇ ਬੱਚਿਆਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦੇ ਹੋਏ ਪਰਮਾਤਮਾ ਅੱਗੇ ਬੇਨਤੀ ਕੀਤੀ ਅਤੇ ਆਪਣੀਆਂ ਦੁਆਵਾਂ ਦਿੱਤੀਆਂ॥ ਸਕੂਲ ਦੀ ਪ੍ਰਿੰਸੀਪਲ ਸਿਸਟਰ ਜੈਸੀ ਵੱਲੋਂ ਸਕੂਲ ਦੀਆਂ ਪੂਰੇ ਸਾਲ ਦੀਆਂ ਪ੍ਰਾਪਤੀਆਂ ਨੂੰ ਬੱਚਿਆਂ ਅਤੇ ਉਨਾਂ ਦੇ ਮਾਪਿਆਂ ਸਾਹਮਣੇ ਦੱਸਿਆ ਗਿਆ, ਅਤੇ ਚੰਗੇ ਭਵਿੱਖ ਦੀ ਕਾਮਨਾ ਕੀਤੀ ਗਈ। ਚੰਗੇ ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਇਸ ਦੇ ਨਾਲ ਨਾਲ ਆਏ ਹੋਏ ਮੁੱਖ ਮਹਿਮਾਨ ਅਤੇ ਹੋਰ ਪਤਵੰਤੇ ਸੱਜਣਾਂ ਨੂੰ ਛਾਲ ਭੇਟ ਕਰਕੇ ਉਹਨਾਂ ਦਾ ਸਨਮਾਨ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਬੱਚਿਆਂ ਤੇ ਅਧਿਆਪਕਾਂ ਵੱਲੋਂ ਨਿਭਾਈ ਗਈ ਅਤੇ ਅੰਤ ਵਿੱਚ ਸਕੂਲ ਦੇ ਸਟਾਫ ਸੈਕਰਟਰੀ ਰਮਨ ਮਸੀਹ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਸਕੂਲ ਦਾ ਸਮੂਹ ਟੀਚਿੰਗ ਅਤੇ ਨੋਨ ਟੀਚਿੰਗ ਸਟਾਫ ਕਮੇਟੀ ਮੈਂਬਰ ਤੇ ਬੱਚਿਆਂ ਦੇ ਮਾਪੇ ਸ਼ਾਮਿਲ ਸਨ। ਅੰਤ ਵਿੱਚ ਪ੍ਰੋਗਰਾਮ ਸਭਨਾਂ ਦੇ ਦਿਲ ਤੇ ਇੱਕ ਅਮਿੱਟ ਛਾਪ ਛੱਡਦਾ ਹੋਇਆ ਰਾਸ਼ਟਰੀ ਗਾਣ ਦੇ ਨਾਲ ਸਮਾਪਤ ਕੀਤਾ ਗਿਆ।

## ਡਾ ਰਾਜਿੰਦਰ ਲੱਕੀ ਦੀ ਪਤਨੀ ਸਰਬਜੀਤ ਕੌਰ ਜਿਲ੍ਹਾਂ ਪ੍ਰੀਸ਼ਦ ਗੜ੍ਹੀ ਜੋਨ ਅਤੇ ਡਾ. ਲੱਕੀ ਬਲਾਕ ਸੰਮਤੀ ਕਾਠਗੜ੍ਹ ਜੋਨ ਤੋਂ ਹੋ ਸਕਦੇ ਹਨ ਬਸਪਾ ਦੇ ਸੰਭਾਵੀ ਉਮੀਦਵਾਰ

### ਬਸਪਾ ਦੇ ਵੱਖ ਵੱਖ ਅਹੁਦਿਆਂ ਤੇ ਦੇ ਚੁੱਕੇ ਹਨ ਵਧੀਆ ਸੇਵਾਵਾਂ



**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )**- ਪਿੰਡ ਚਾਹਲਾਂ ਦੇ ਵਸਨੀਕ ਅਤੇ ਬਹੁਤ ਹੀ ਮਿਲਾਪੜੇ ਸੁਭਾਅ ਦੇ ਮਾਲਕ ਤੇ ਸਮਾਜ ਸੇਵੀ ਡਾਕਟਰ ਰਾਜਿੰਦਰ ਲੱਕੀ ਜੋ ਕਿ ਬਸਪਾ ਦੇ ਕਾਫੀ ਲੰਬੇ ਸਮੇਂ ਇਮਾਨਦਾਰ ਤੇ ਭਰੋਸੇਮੰਦ ਬਸਪਾ ਆਗੂ ਵਜੋਂ ਸੇਵਾਵਾਂ ਨਿਭਾਉਂਦੇ ਰਹੇ ਹਨ ਙ ਹੁਣ ਉਨ੍ਹਾਂ ਦੀ ਧਰਮਪਤਨੀ ਬੀਬੀ ਸਰਬਜੀਤ ਕੌਰ ਬਸਪਾ ਪਾਰਟੀ ਵਲੋਂ ਜਿਲ੍ਹਾਂ ਪ੍ਰੀਸ਼ਦ ਗੜੀ ਜੋਨ ਚੋਣ ਲੜਨ ਲਈ

ਸੰਭਾਵੀ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਉੱਤਰ ਸਕਦੇ ਹਨ ਅਤੇ ਬਲਾਕ ਸੰਮਤੀ ਚੋਣਾਂ ਲਈ ਤੇ ਡਾਕਟਰ ਰਾਜਿੰਦਰ ਲੱਕੀ ਬਲਾਕ ਸੰਮਤੀ ਕਾਠਗੜ੍ਹ ਜੋਨ ਤੋਂ ਸੰਭਾਵੀ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਉੱਤਰ ਸਕਦੇ ਙਇਹਨਾਂ ਦੋਹਾਂ ਸੰਭਾਵੀ ਉਮੀਦਵਾਰਾਂ ਨੇ ਆਮ ਵੋਟਰਾਂ ਨਾਲ ਮਿਲਣ ਦੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆ ਹਨ ਙਇਹਨਾਂ ਦੋਹਾਂ ਉਮੀਦਵਾਰਾਂ ਨੇ ਗੱਲਬਾਤ ਕਰਦੀਆਂ ਦੱਸਿਆਂ ਕਿ ਇਹਨਾਂ ਦੋਨਾਂ ਜੋਨਾ ਤੋਂ ਜੇਕਰ ਸਾਨੂੰ ਪਾਰਟੀ ਵਲੋਂ ਪੱਕੇ ਤੌਰ ਤੇ ਸਾਨੂੰ ਉਮੀਦਵਾਰ ਐਲਾਨਿਆ ਜਾਂਦਾ ਹੈ ।ਤਾਂ ਅਸੀ ਹਰ ਹਾਲਤ ਵਿਚ ਦੋਵੇਂ ਸੀਟਾਂ ਜਿੱਤ ਕੇ ਬਸਪਾ ਪਾਰਟੀ ਦੀ ਝੋਲੀ ਵਿਚ ਪਾਵਾਂਗੇ।

## ਬੀਬੀ ਮਨਜੀਤ ਕੌਰ ਪਵਾਰ ਜਿਲ੍ਹਾਂ ਪ੍ਰੀਸ਼ਦ ਚੋਣ ਹਲਕਾ ਰੱਤੇਵਾਲ ਤੋਂ ਹੋਣਗੇ ਕਾਂਗਰਸ ਦੇ ਸੰਭਾਵੀ ਉਮੀਦਵਾਰ

### ਚੋਣ ਜਿੱਤ ਕੇ ਪਾਰਟੀ ਦੇ ਹੱਥ ਮਜਬੂਰ ਕਰਾਂਗੇ :ਸਾਬਕਾ ਚੇਅਰਮੈਨ ਧਰਮਪਾਲ ਪਵਾਰ ਭਰਥਲਾ



**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਨੇੜੇ ਆ ਰਹੀਆਂ ਜਿਲ੍ਹਾਂ ਪ੍ਰੀਸ਼ਦ ਦੀਆਂ ਚੋਣਾਂ ਵਿਚ ਰੱਤੇਵਾਲ ਜੋਨ ਤੋਂ ਕਾਂਗਰਸ ਪਾਰਟੀ ਦੇ ਸੰਭਾਵੀ ਉਮੀਦਵਾਰ ਵਜੋਂ ਬੀਬੀ ਮਨਜੀਤ ਕੌਰ ਪਵਾਰ ਪਤਨੀ ਧਰਮਪਾਲ ਪਵਾਰ ਭਰਥਲਾ ਸਾਬਕਾ ਚੇਅਰਮੈਨ ਬਲਾਕ ਸੰਮਤੀ ਬਲਾਚੌਰ ਨੂੰ ਚੋਣ ਮੈਦਾਨ ਵਿਚ ਉਤਾਰੀਆਂ ਜਾ ਸਕਦਾ ਹੈ ਇਸ ਗੱਲ ਦਾ ਪ੍ਰਗਟਾਵਾ ਕਰਦਿਆਂ ਸਾਬਕਾ ਚੇਅਰਮੈਨ ਧਰਮਪਾਲ ਪਵਾਰ ਨੇ ਦੱਸਿਆ ਕਿ ਜੇਕਰ ਕਾਂਗਰਸ ਪਾਰਟੀ ਪੱਕੇ ਤੌਰ ਤੇ ਰੱਤੇਵਾਲ ਜੋਨ ਵਿੱਚੋਂ ਸਾਨੂੰ ਉਮੀਦਵਾਰ ਐਲਾਨ ਦੀ ਹੈ ਤਾਂ ਅਸੀਂ ਹਰ ਹਾਲਤ ਲੋਕਾਂ ਦੇ ਸਹਿਯੋਗ ਨਾਲ ਇਹ ਜਿਲ੍ਹਾਂ ਪ੍ਰੀਸ਼ਦ ਦੀ ਚੋਣ ਜਿੱਤ ਕੇ ਕਾਂਗਰਸ ਪਾਰਟੀ ਦੀ ਝੋਲੀ ਵਿਚ ਪਾ ਕੇ ਪਾਰਟੀ ਨੂੰ ਮਜ਼ਬੂਤ ਕਰਾਂਗੇ। ਉਨ੍ਹਾਂ ਦੱਸਿਆ ਕਿ ਮਨਜੀਤ ਕੌਰ ਪਵਾਰ ਭਰਥਲਾ ਦਾ ਨਾਅ ਸੰਭਾਵੀ ਉਮੀਦਵਾਰ ਵਜੋਂ ਆਉਣ ਤੇ ਲੋਕਾਂ ਵਿਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਉਨ੍ਹਾਂ ਨੇ ਆਸ ਪ੍ਰਗਟਾਈ ਕੇ ਅਸੀ ਵੱਡੇ ਮਾਰਜਨ ਨਾਲ ਚੋਣ ਜਿੱਤ ਕੇ ਕਾਂਗਰਸ ਪਾਰਟੀ ਦੇ ਹੱਥ ਮਜਬੂਰ ਕਰਨਗੇ।

# ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ 16 ਗ੍ਰਾਮ ਪੰਚਾਇਤਾਂ ਨੂੰ 2.55 ਕਰੋੜ ਰੁਪਏ ਦੀਆਂ ਰੰਗਲਾ ਪੰਜਾਬ ਵਿਕਾਸ ਸਕੀਮ ਗ੍ਰਾਂਟਾਂ ਦੀ ਵੰਡ

## ਕਿਹਾ ਭਗਵੰਤ ਸਿੰਘ ਮਾਨ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਯਤਨਸ਼ੀਲ

**ਡੇਰਾਬੱਸੀ (ਸੰਜੀਵ ਸਿੰਘ ਸੈਣੀ)** ਵਿਧਾਇਕ ਡੇਰਾਬਸੀ ਕੁਲਜੀਤ ਸਿੰਘ ਰੰਧਾਵਾ ਵੱਲੋਂ ਰੰਗਲਾ ਪੰਜਾਬ ਵਿਕਾਸ ਸਕੀਮ ਅਧੀਨ ਡੇਰਾਬਸੀ ਦੇ ਕਮਿਊਨਿਟੀ ਸੈਂਟਰ ਵਿਖੇ 16 ਗ੍ਰਾਮ ਪੰਚਾਇਤਾਂ ਨੂੰ 23 ਵੱਖ-ਵੱਖ ਵਿਕਾਸ ਕਾਰਜਾਂ ਲਈ 2.55 ਕਰੋੜ ਰੁਪਏ ਦੀਆਂ ਵਿਕਾਸ ਗ੍ਰਾਂਟਾਂ ਦੀ ਵੰਡ ਕੀਤੀ ਗਈ। ਉਹਨਾਂ ਦੱਸਿਆ ਕਿ ਇਹ ਰਾਸ਼ੀ ਕਮਿਊਨਿਟੀ ਸੈਂਟਰ,ਐਸ ਸੀ ਧਰਮਸ਼ਾਲਾ, ਗਲੀਆਂ ਨਾਲੀਆਂ, ਖੇਡ ਮੈਦਾਨ, ਸੀਵਰੇਜ, ਗੰਦੇ ਪਾਣੀ ਦੀ ਨਿਕਾਸੀ, ਪੀਣ ਵਾਲੇ ਪਾਣੀ, ਬੱਸ ਸਟਾਪ,ਓਪਨ ਜਿੰਮ, ਡਿਸਪੈਂਸਰੀ ਆਦਿ ਲਈ ਵਰਤੋ ਵਿੱਚ ਲਿਆਂਦੀ ਜਾਵੇਗੀ। ਗਰਾਂਟਾਂ ਪ੍ਰਾਪਤ ਕਰਨ ਵਾਲੇ ਪਿੰਡਾਂ ਵਿੱਚ ਭਾਗਸੀ ਨੂੰ ਕਮਿਊਨਿਟੀ ਸੈਂਟਰ ਲਈ 15 ਲੱਖ ਰੁਪਏ, ਜਿਓਲੀ ਨੂੰ ਐਸ ਸੀ ਧਰਮਸ਼ਾਲਾ ਲਈ 10 ਲੱਖ ਰੁਪਏ ਅਤੇ ਗਲੀਆਂ ਨਾਲੀਆਂ ਲਈ 8 ਲੱਖ ਰੁਪਏ, ਪਰਾਗਪੁਰ ਨੂੰ ਗੰਦੇ ਪਾਣੀ ਦੀ ਨਿਕਾਸੀ ਅਤੇ ਸੀਵਰੇਜ ਲਈ 23.10 ਲੱਖ ਰੁਪਏ, ਜਵਾਹਰਪੁਰ ਨੂੰ ਗੰਦੇ ਪਾਣੀ ਦੀ ਨਿਕਾਸੀ ਅਤੇ ਸੀਵਰੇਜ ਲਈ 12 ਲੱਖ ਰੁਪਏ, ਕਾਰਕੌਰ ਨੂੰ ਕਮਿਊਨਿਟੀ ਸੈਂਟਰ ਲਈ 20 ਲੱਖ ਰੁਪਏ, ਝਵਾਂਸਾ ਨੂੰ ਕਮਿਊਨਿਟੀ ਸੈਂਟਰ ਲਈ 15 ਲੱਖ ਰੁਪਏ, ਤ੍ਰਿਵੇਦੀ ਕੈਂਪ ਨੂੰ ਗਲੀਆਂ ਨਾਲੀਆਂ ਲਈ 10 ਲੱਖ ਰੁਪਏ ਅਤੇ ਡਿਸਪੈਂਸਰੀ ਲਈ 5 ਲੱਖ ਰੁਪਏ, ਬਲਟਾਣਾ ਨੂੰ ਐਂਟਰੀ ਗੇਟ ਲਈ 7 ਲੱਖ ਰੁਪਏ, ਬਾਕਰਪੁਰ ਨੂੰ ਪੀਣ ਵਾਲੇ ਪਾਣੀ ਲਈ 30 ਲੱਖ ਰੁਪਏ ਅਤੇ ਸੀਵਰਜ ਤੇ ਗੰਦੇ ਪਾਣੀ ਦੇ ਨਿਕਾਸ ਲਈ 12 ਲੱਖ ਰੁਪਏ,



ਰਾਮਪੁਰ ਬਾਹਲ ਨੂੰ ਖੇਡ ਮੈਦਾਨ ਲਈ 5 ਲੱਖ ਰੁਪਏ, ਰਾਜੋ ਮਾਜਰਾ ਨੂੰ ਗਲੀਆਂ ਨਾਲੀਆਂ ਲਈ 8 ਲੱਖ ਰੁਪਏ, ਪੰਡ ਵਾਲਾ ਨੂੰ ਗਰਾਊਂਡ ਦੀ ਚਾਰ ਦੀਵਾਰੀ ਲਈ 5 ਲੱਖ ਰੁਪਏ ਅਤੇ ਮੇਨ ਐਂਟਰੀ ਵਾਲੀ ਗਲੀ ਦੀ ਉਸਾਰੀ ਲਈ 3 ਲੱਖ ਰੁਪਏ, ਮੁਕੰਦਪੁਰ ਨੂੰ ਓਪਨ ਜਿੰਮ ਅਤੇ ਇੰਨਡੋਰ ਜਿੰਮ ਲਈ 11 ਲੱਖ ਰੁਪਏ, ਬੱਸ ਸਟਾਪ ਲਈ 4 ਲੱਖ ਰੁਪਏ ਅਤੇ ਸੀਵਰੇਜ ਤੇ ਗੰਦੇ ਪਾਣੀ ਦੀ ਨਿਕਾਸੀ ਲਈ 20 ਲੱਖ ਰੁਪਏ, ਬਿਜਨਪੁਰ ਨੂੰ ਗਰਾਊਂਡ ਦੀ ਚਾਰ ਦੁਵਾਰੀ/ਵਾੜ, ਲਾਈਟਾਂ, ਐਂਟਰੀ ਗੇਟ ਅਤੇ ਜਾਲੀ ਲਈ 20 ਲੱਖ ਰੁਪਏ, ਜੋਲਾ ਕਲਾਂ ਨੂੰ ਓਪਨ ਜਿਮ ਲਈ 4 ਲੱਖ ਰੁਪਏ ਅਤੇ ਮਲਕਪੁਰ ਨੂੰ ਓਪਨ ਜਿਮ ਲਈ 3 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ। ਵਿਧਾਇਕ ਰੰਧਾਵਾ ਨੇ ਇਸ ਮੌਕੇ ਆਪਣੇ ਸੰਬੋਧਨ ਵਿੱਚ ਸਮੂਹ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਗ੍ਰਾਂਟ ਦੇ ਇੱਕ-ਇੱਕ ਰੁਪਏ ਨੂੰ ਇਮਾਨਦਾਰੀ ਨਾਲ ਵਰਤੋਂ ਵਿੱਚ ਲਿਆਉਣ ਅਤੇ ਆਪਣੀ ਪੂਰੀ ਨਿਗਰਾਨੀ ਨਾਲ ਕੰਮ ਕਰਵਾਉਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਇੱਕੋ ਇੱਕ ਨਾਅਰਾ ਪੰਜਾਬ ਦੇ ਲੋਕਾਂ ਦੀ ਇਮਾਨਦਾਰੀ ਨਾਲ ਸੇਵਾ ਕਰਨਾ ਹੈ ਅਤੇ ਸਾਡੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਉਹਨਾਂ ਦੀ ਵਚਨਬੱਧਤਾ ਨੂੰ ਜ਼ਮੀਨੀ ਪੱਧਰ ਤੱਕ ਇਨ ਬਿਨ ਲਾਗੂ ਕਰੀਏ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਕੂਲਾਂ, ਸਿਹਤ ਸੰਸਥਾਵਾਂ, ਪੇਂਡੂ ਸੜਕਾਂ ਤੋਂ ਬਾਅਦ ਹੁਣ ਪਿੰਡਾਂ ਦੇ ਸਰਬਪੱਖੀ ਵਿਕਾਸ ਅਤੇ ਨੌਜਵਾਨਾਂ ਲਈ ਖੇਡਾਂ ਦਾ ਮਾਹੌਲ ਸਿਰਜਣ ਲਈ ਪੁਰਜੋਰ ਯਤਨ ਕੀਤੇ ਜਾ ਰਹੇ ਹਨ, ਜਿਸ ਨਾਲ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਵਿੱਚ ਸਹਾਇਤਾ ਮਿਲੇਗੀ। ਇਸ ਮੌਕੇ ਇਹਨਾਂ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਤੋਂ ਇਲਾਵਾ ਪੇਂਡੂ ਵਿਕਾਸ ਤੇ ਪੰਚਾਇਤ ਮਹਿਕਮੇ ਦੇ ਅਧਿਕਾਰੀ, ਆਮ ਆਦਮੀ ਪਾਰਟੀ ਦੇ ਸਥਾਨਕ ਅਹੁਦੇਦਾਰ ਅਤੇ ਹੋਰ ਪਤਵੰਤੇ ਮੌਜੂਦ ਸਨ।

## ਬਲਾਕ ਸੰਮਤੀ ਜੋਨ ਕਾਠਗੜ੍ਹ ਤੋਂ ਸੁਰੇਸ਼ ਕੁਮਾਰ (ਪੈਨੀ ਪਹਿਲਵਾਨ ) ਬਿਤੌਰ ਅਜ਼ਾਦ ਉਮੀਦਵਾਰ ਚੋਣ ਲੜਨਗੇ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਬਲਾਕ ਸੰਮਤੀ ਕਾਠਗੜ੍ਹ ਜੋਨ ਤੋਂ ਸੁਰੇਸ਼ ਕੁਮਾਰ (ਪੈਨੀ ਪਹਿਲਵਾਨ ) ਅਜ਼ਾਦ ਉਮੀਦਵਾਰ ਵਜੋਂ ਲੜਨਗੇ ਚੋਣ ਕਾਠਗੜ੍ਹ ਹਲਕੇ ਦੇ ਛਿੰਝ ਮੇਲੀਆਂ ਦੀ ਸ਼ਾਨ ਇਸ ਵਾਰ ਬਲਾਕ ਸੰਮਤੀ ਕਾਠਗੜ੍ਹ ਜੋਨ ਤੋਂ ਅਜ਼ਾਦ ਉਮੀਦਵਾਰ ਵਜੋਂ ਚੋਣ ਲੜਨਗੇ ਇਹ ਜਾਣਕਾਰੀ ਦਿੰਦਿਆਂ ਪੈਨੀ ਪਹਿਲਵਾਨ ਨੇ ਦੱਸਿਆ ਇਲਾਕੇ ਵੋਟਰਾਂ ਦੀ ਜ਼ੋਰਦਾਰ ਮੰਗ ਹੋਣ ਕਾਰਨ ਮੈ ਇਸ ਚੋਣ ਮੈਦਾਨ ਵਿਚ ਉੱਤਰ ਰਿਹਾ ਹਾਂ। ਉਨ੍ਹਾਂ ਨੇ ਆਸ ਪ੍ਰਗਟਾਈ ਕਿ ਮੈ ਹੋਰ ਰਾਜਨੀਤਕ ਪਾਰਟੀਆਂ ਦੇ ਉਮੀਦਵਾਰਾਂ ਨਾਲੋਂ ਵੱਧ ਵੋਟਾਂ ਲੈ ਕੇ ਜਿੱਤੇਗਾ ਅਤੇ ਇਲਾਕੇ ਦੇ ਲੋਕਾਂ ਦੀਆਂ ਮੰਗਾਂ ਤੇ ਪੂਰਾ ਉੱਤਰਾਂਗਾ ਉਨ੍ਹਾਂ ਕਿਹਾ ਲੰਮੇ ਸਮੇਂ ਤੋਂ ਇਸ ਇਲਾਕੇ ਦੇ ਲੋਕ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਲਾਰਿਆਂ ਤੋਂ ਬਹੁਤ ਦੁੱਖੀ ਹਨ ਜਿਹਨਾਂ ਨੇ ਅੱਜ ਤੱਕ ਇਲਾਕੇ ਦੇ ਵਿਕਾਸ ਦਾ ਕੋਈ ਵੀ ਕੰਮ ਨਹੀਂ ਕੀਤਾ ਅਤੇ ਇਸ ਬਲਾਕ ਸੰਮਤੀ ਜੋਨ ਕਾਠਗੜ੍ਹ ਤੋਂ ਚੋਣ ਜਿੱਤ ਕੇ ਹਰ ਵਾਅਦੇ ਪੂਰੇ ਕਰਾਂਗਾ।



## ਪੀਣ ਵਾਲੇ ਪਾਣੀ ਦਾ ਕਨੈਕਸ਼ਨ ਦੇਣ ਲਈ ਪੁੱਟੀ ਗਲੀ ਤੋਂ ਲੋਕ ਪਰੇਸ਼ਾਨ

**ਨਵਾਂਸ਼ਹਿਰ/ ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਕਾਠਗੜ੍ਹ ਦੇ ਵਾਰਡ ਨੰਬਰ 5 ਦੀ ਇੱਕ ਗਲੀ ਵਿੱਚ ਪੀਣ ਵਾਲੇ ਪਾਣੀ ਦਾ ਕੁਨੈਕਸ਼ਨ ਦੇਣ ਲਈ ਪੁੱਟੀ ਗਈ ਗਲੀ ਕਾਰਨ ਆਉਣ ਜਾਣ ਵਾਲੇ ਲੋਕਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜ਼ਿਕਰਯੋਗ ਹੈ ਕਿ ਕਾਠਗੜ੍ਹ ਵਾਰਡ ਨੰਬਰ 5 ਵਿੱਚ ਨੈਣਾਂ ਦੇਵੀ ਮੰਦਿਰ ਨੂੰ ਜਾਣ ਵਾਲੀ ਗਲੀ ਵਿੱਚ ਇੱਕ ਨਵੇਂ ਉਸਾਰੇ ਗਏ ਮਕਾਨ ਨੂੰ ਪੀਣ ਵਾਲੇ ਪਾਣੀ ਦਾ ਕੁਨੈਕਸ਼ਨ ਦੇਣ ਲਈ ਗਲੀ ਵਿੱਚ ਲਗਾਈਆਂ ਗਈਆਂ ਇੰਟਰਲੋਕ ਟਾਈਲਾਂ ਨੂੰ ਪੁੱਟਿਆ ਗਿਆ ਸੀ ਪਰੰਤੂ 4-5 ਦਿਨ ਬੀਤ ਜਾਣ 'ਤੇ ਵੀ ਪੁੱਟੀ ਗਈ ਥਾਂ ਤੇ ਇੰਟਰਲੋਕ ਟਾਈਲਾਂ ਨੂੰ ਦੁਬਾਰਾ ਨਹੀਂ ਲਗਾਇਆ ਗਿਆ ਜਿਸ ਕਾਰਨ ਦੋਪਹੀਆ ਵਾਹਨ ਚਾਲਕਾਂ ਅਤੇ ਪੈਦਲ ਆਉਣ-ਜਾਣ ਵਾਲਿਆਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਲੋਕ ਤਾਂ ਅਚਾਨਕ ਇਸ ਜਗ੍ਹਾ 'ਤੇ ਪਹੁੰਚ ਕੇ ਠੋਕਰ ਲਵਾ ਲੈਂਦੇ ਹਨ ਜਦਕਿ ਦੋਪਹੀਆ ਵਾਹਨ ਚਾਲਕਾਂ ਨੂੰ ਲੰਘਣ ਸਮੇਂ ਇੱਕਦਮ ਝਟਕਾ ਲੱਗਦਾ ਹੈ ਜਿਸ ਨਾਲ ਉਹਨਾਂ ਨੂੰ ਸੱਟ ਆਦਿ ਲੱਗਣ ਦਾ ਡਰ ਰਹਿੰਦਾ ਹੈ। ਪਾਣੀ ਦਾ ਕੁਨੈਕਸ਼ਨ ਲੈਣ ਲਈ ਪੁੱਟੀ ਗਈ ਇਸ ਗਲੀ ਬਾਰੇ ਜਲ ਘਰ ਦੇ ਕਰਮਚਾਰੀ ਨੂੰ ਵੀ ਦੱਸਿਆ ਗਿਆ ਸੀ ਜਿਸ ਨੇ ਕਿਹਾ ਕਿ ਉਹ ਸੰਬੰਧਿਤ ਮਕਾਨ ਮਾਲਕ ਨੂੰ ਗਲੀ ਠੀਕ ਕਰਵਾਉਣ ਲਈ ਕਹਿ ਦੇਵੇਗਾ। ਵਾਰਡ ਨਿਵਾਸੀਆਂ ਨੇ ਮੰਗ ਕੀਤੀ ਹੈ ਕਿ ਪੁੱਟੀ ਗਲੀ ਨੂੰ ਜਲਦੀ ਠੀਕ ਕੀਤਾ ਜਾਵੇ ਤਾਂ ਜੋ ਕੋਈ ਐਵੇਂ ਹੀ ਸੱਟਾਂ ਨਾ ਲਵਾ ਬੈਠੇ।



**ਪਾਣੀ ਦਾ ਕਨੈਕਸ਼ਨ ਲੈਣ ਲਈ ਪੁੱਟੀ ਗਈ ਗਲੀ**

## ਨਾਬਾਲਿਗ ਬੱਚੀ ਦੇ ਨਾਲ ਜਬਰ- ਜਨਾਹ ਅਤੇ ਕਤਲ ਕਰਨ ਵਾਲੇ ਦੁਸ਼ਟ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆਂ ਨਾ ਜਾਵੇ : ਬੇਗਮਪੁਰਾ ਟਾਈਗਰ ਫੋਰਸ

### ਲੜਕੀ ਦੇ ਕਤਲ ਅਤੇ ਜਬਰ-ਜਨਾਹ ਦੀ ਵਾਰਦਾਤ ਨੇ ਤਮਾਮ ਲੋਕਾਂ ਨੂੰ ਸ਼ਰਮਸ਼ਾਰ ਕਰਕੇ ਰੱਖ ਦਿੱਤਾ : ਬੀਰਪਾਲ, ਹੈਪੀ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** - ਜਲੰਧਰ ਵਿੱਚ 13 ਸਾਲ ਦੀ ਨਾਬਾਲਿਗ ਲੜਕੀ ਨਾਲ ਇੱਕ ਦੁਸ਼ਟ ਵਲੋ ਜਬਰ ਜਨਾਹ ਕਰਨ ਤੋ ਬਾਦ ਲੜਕੀ ਦੇ ਕਤਲ ਦੀ ਵਾਰਦਾਤ ਨੇ ਪੰਜਾਬ ਦੇ ਬਸ਼ਿੰਦਿਆਂ ਨੂੰ ਸ਼ਰਮਸ਼ਾਰ ਕਰਕੇ ਰੱਖ ਦਿੱਤਾ ! ਇਹ ਵਿਚਾਰ "ਬੇਗਮਪੁਰਾ ਟਾਈਗਰ ਫੋਰਸ" ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਅਤੇ ਜ਼ਿਲਾ ਪ੍ਰਧਾਨ ਹੈਪੀ ਫਤਿਹਗੜ੍ਹ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਸਾਂਝੇ ਕੀਤੇ ! ਉਹਨਾਂ ਕਿਹਾ ਕਿ ਇਸ ਤਰ੍ਹਾਂ ਦਾ ਘਿਨਾਉਣਾ ਜੁਰਮ ਬਿਲਕੁਲ ਵੀ ਰਹਿਮ ਦੇ ਲਾਇਕ ਨਹੀਂ ਹੈ। ਉਹਨਾਂ ਕਿਹਾ ਕਿ ਦੋਸ਼ੀ ਨੂੰ ਚੁਰਾਹੇ ਵਿੱਚ ਖੜਾ ਕਰਕੇ ਤੇਲ ਪਾ ਕੇ ਅੱਗ ਲਾ ਦੇਣੀ ਚਾਹੀਦੀ ਹੈ। ਤਾਂ ਕਿ ਜਿਸ ਤਰ੍ਹਾਂ ਉਹ ਮਾਸੂਮ ਲੜਕੀ ਤੜਫ ਤੜਫ ਕੇ ਮਰੀ ਹੈ ਉਸੇ ਤਰ੍ਹਾਂ ਇਹ ਪਾਪੀ ਵੀ ਤੜਫ ਤੜਫ ਕੇ ਮਰੇ ਤਾਂ ਹੀ ਲੜਕੀ ਦੇ ਪਰਿਵਾਰ ਅਤੇ ਪੰਜਾਬ ਦੇ ਇਨਸਾਫ ਪਸੰਦ ਲੋਕਾਂ ਨੂੰ ਇਨਸਾਫ ਮਿਲ ਸਕੇ ਅਤੇ ਉਕਤ ਦੁਸ਼ਟ ਨੂੰ ਦਿੱਤੀ ਗਈ ਸਜ਼ਾ ਨੂੰ ਦੇਖ ਕੇ ਕੋਈ ਹੋਰ ਵਿਅਕਤੀ ਇਹੋ ਜਿਹੀ ਘਿਨਾਉਣੀ ਹਰਕਤ ਕਰਨ ਤੋਂ ਪਹਿਲਾਂ 100 ਵਾਰੀ ਸੋਚੇ । ਉਹਨਾਂ ਕਿਹਾ ਕਿ ਪੰਜਾਬ ਗੁਰੂਆਂ-ਪੀਰਾਂ, ਫਕੀਰਾਂ ਤੇ ਪੈਗੰਬਰਾਂ ਦੀ ਧਰਤੀ ਹੈ। ਇੱਥੇ ਬੱਚੀਆਂ ਨੂੰ ਦੇਵੀਆ ਵਜੋ ਸਤਿਕਾਰ ਦਿੱਤਾ ਜਾਂਦਾ ਹੈ। ਲੇਕਿਨ ਕੁੱਝ ਦਿਮਾਗੀ ਬਿਮਾਰ ਲੋਕ ਅਜਿਹੀਆਂ ਗੰਦੀਆਂ ਹਰਕਤਾਂ ਨਾਲ ਪੰਜਾਬ ਦੀ ਪਵਿੱਤਰਤਾ ਨੂੰ ਗੰਧਲਾ ਕਰਨ ਵੇਲੇ ਸੋਚਦੇ ਵੀ ਨਹੀ ਉਹਨਾਂ ਕਿਹਾ ਕਿ ਇਹੋ ਜਿਹੇ ਪਾਪੀ ਖੁਦ ਸਮਾਜ ਤੇ ਕਲੰਕ ਹੁੰਦੇ ਹਨ। ਉਹਨਾਂ ਕਿਹਾ ਕਿ ਅਜਿਹੇ ਲੋਕਾਂ ਦੇ ਮਾਨਸਿਕ ਵਿਕਾਰਾ ਦਾ ਪੱਕਾ ਇਲਾਜ ਕਰਨਾ ਬਹੁਤ ਜਰੂਰੀ ਹੈ। ਉਹਨਾਂ ਨੇ ਪੀੜ੍ਹਤ ਪਰਿਵਾਰ ਦੇ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਅਤੇ ਮੰਗ ਕੀਤੀ ਕਿ ਇਸ ਕੇਸ ਨੂੰ ਫਾਸਟ ਟਰੈਕ ਕੋਰਟ ਵਿੱਚ ਟਰਾਇਲ ਚਲਾ ਕੇ ਜਲਦੀ ਤੋਂ ਜਲਦੀ ਨਿਪਟਾਇਆ ਜਾਵੇ। ਅਤੇ ਉਕਤ ਦੋਸ਼ੀ ਨੂੰ ਘੱਟ ਤੋਂ ਘੱਟ ਫਾਂਸੀ ਦੀ ਸਜ਼ਾ ਦਿੱਤੀ ਜਾਵੇ ! ਉਹਨਾਂ ਕਿਹਾ ਕਿ ਪੂਰਾ ਪੰਜਾਬ ਪੀੜਤ ਪਰਿਵਾਰ ਦੇ ਨਾਲ ਮਜ਼ਬੂਤੀ ਦੇ ਨਾਲ ਖੜ੍ਹਾ ਹੈ। ਉਹਨਾਂ ਜਲੰਧਰ ਦੀ ਪੁਲਿਸ ਅਤੇ ਜੁਡੀਸ਼ੀਅਲ ਨੂੰ ਅਪੀਲ ਕੀਤੀ ਕਿ ਪਰਿਵਾਰ ਨੂੰ ਨਿਆ ਦੇਣ ਵਿੱਚ ਬਿਲਕੁਲ ਵੀ ਲਾਪ੍ਰਵਾਹੀ ਕਰਨ ।



**ਫੋਟੋ ਅਜਮੇਰ ਦੀਵਾਨਾ**

# ਸੰਵਿਧਾਨ ਦਿਵਸ ਤੇ ਸੱਚਖੰਡ ਬੇਗਮਪੁਰਾ ਸਤਿਸੰਗ ਸ੍ਰੀ ਚਰਨਛੋਹ ਖੁਰਾਲਗੜ ਵਿਖੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਯਾਦ ਕੀਤਾ

## ਸੰਤ ਸਤਵਿੰਦਰ ਹੀਰਾ, ਸੰਤ ਪਰਮਜੀਤ ਦਾਸ ਨਗਰ ਨੇ ਸੰਗਤਾਂ ਨੂੰ ਸਿੱਖਿਅਤ ਸਮਾਜ ਲਈ ਦਿੱਤਾ ਸੰਦੇਸ਼

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਸੰਵਿਧਾਨ ਦਿਵਸ ਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨਛੋਹ ਧਰਤੀ ਇਤਿਹਾਸਕ ਅਸਥਾਨ ਸੱਚਖੰਡ ਬੇਗਮਪੁਰਾ ਸਤਿਸੰਗ ਸ੍ਰੀ ਚਰਨਛੋਹ ਖੁਰਾਲਗੜ ਸਾਹਿਬ ਵਿਖੇ ਪਰਮ ਪੂਜਨੀਕ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ,ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਪੰਜਾਬ ਨੇ ਕਿਹਾ ਕਿ ਸੰਵਿਧਾਨ ਭਾਰਤ ਦੇ ਕਰੋੜਾਂ ਆਦਿ ਵਾਸੀਆਂ,ਮੂਲ ਨਿਵਾਸੀਆਂ ਲਈ ਵਰਦਾਨ ਹੈ। ਸੰਵਿਧਾਨ ਦੇਸ਼ ਦੇ ਹਰ ਵਿਅਕਤੀ ਦੇ ਹੱਕਾਂ ਦੀ ਬਿਨਾਂ ਕਿਸੇ ਭੇਦ ਭਾਵ ਦੇ ਰਾਖੀ ਕਰਦਾ ਹੈ, ਸੰਵਿਧਾਨਕ ਕਦਰਾਂ-ਕੀਮਤਾਂ ਦੀ ਕਿਸੇ ਤਰਾਂ ਵੀ ਉਲੰਘਣਾ ਨਹੀਂ ਹੋਣੀ ਚਾਹੀਦੀ ਕਿਓਂਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ ਲੰਮੇ ਸਮੇਂ ਦੇ ਸੰਘਰਸ਼ ਤੋਂ ਬਾਅਦ ਸੰਵਿਧਾਨ ਦੇ ਰੂਪ ਵਿੱਚ ਦੇਸ਼ ਨੂੰ ਸਮਾਨਤਾ, ਆਜ਼ਾਦੀ ਅਤੇ ਭਾਈਚਾਰੇ ਦਾ ਪੈਗਾਮ ਸੌਂਪਿਆ ਸੀ। ਇਸ ਪਵਿੱਤਰ ਦਸਤਾਵੇਜ਼ ਦੇ ਸਿਧਾਂਤਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਵਾਉਣ ਲਈ ਸਮਾਜ ਨੂੰ ਹਮੇਸ਼ਾਂ ਯਤਨਸ਼ੀਲ ਰਹਿਣਾ ਚਾਹੀਦਾ ਹੈ।ਉਹਨਾਂ ਕਿਹਾ ਕਿ ਸੱਚਖੰਡ ਬੇਗਮਪੁਰਾ ਸਤਿਸੰਗ ਸ੍ਰੀ ਚਰਨਛੋਹ ਖੁਰਾਲਗੜ ਸਾਹਿਬ ਵਿਖੇ ਸੰਤਾਂ ਮਹਾਂਪੁਰਸ਼ਾਂ ਵਲੋਂ ਆਰੰਭ ਕੀਤੀ ਸੇਵਾ ਪ੍ਰਤੀ ਸੰਗਤਾਂ




ਵਿੱਚ ਭਾਰੀ ਉਤਸ਼ਾਹ ਅਤੇ ਸ਼ਰਧਾ ਹੈ। ਓਨਾਂ ਕਿਹਾ ਡਾ.ਅੰਬੇਡਕਰ ਸਾਹਿਬ ਦੇ ਸੁਪਨਿਆਂ ਦਾ ਭਾਰਤ ਬਣਾਉਣ ਲਈ ਸਮਾਜ ਨੂੰ ਸਿੱਖਿਅਤ ਬਣਾਉਣਾ ਬਹੁਤ ਜਰੂਰੀ ਹੈ, ਜਿਸ ਲਈ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਅਤੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਹਮੇਸ਼ਾ ਯਤਨਸ਼ੀਲ ਹੈ। ਇਸ ਮੌਕੇ ਰਵੀ ਰਕੜਾਂ, ਰਾਹੁਲ ਧੀਰ, ਲਖਵੀਰ ਨੈਨਵਾਂ ਵੀ ਹਾਜਰ ਸਨ !

# ਜ਼ਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਜਰਖੜ ਖੇਡ ਸਟੇਡੀਅਮ ਵਿਖੇ ਸ਼ਾਨੋ ਸ਼ੌਕਤ ਨਾਲ ਸਮਾਪਤ

## ●ਹਾਕੀ ਵਿੱਚ ਜਗਰਾਓਂ ਅਤੇ ਮੁੰਡੀਆਂ ਕਲਾਂ, ਹੈਂਡਬਾਲ ਸੈਕਰਟ ਹਾਰਟ ਸਕੂਲ ਲੁਧਿਆਣਾ ਬਣੇ ਚੈਂਪੀਅਨ ●ਵਿਧਾਇਕ ਸੰਗੋਵਾਲ ਨੇ ਕੀਤੀ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ







**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਮਿੰਨੀ ਹੈਂਡਬਾਲ ਅਤੇ 6-ਏ ਸਾਈਡ ਹਾਕੀ (ਅੰਡਰ 11 ) ਜਰਖੜ ਦੇ ਖੇਡ ਸਟੇਡੀਅਮ ਵਿਖੇ ਸਾਨੋ ਸ਼ੌਕਤ ਨਾਲ ਸਮਾਪਤ ਹੋ ਗਈਆਂ। ਲੁਧਿਆਣਾ ਦੇ 19 ਬਲਾਕਾਂ ਦੇ ਵੱਖ-ਵੱਖ ਸਕੂਲਾਂ ਦੇ ਸੈਂਕੜੇ ਖਿਡਾਰੀਆਂ ਨੇ ਭਾਗ ਲਿਆ। ਅੱਜ ਖੇਡਾਂ ਦੇ ਸਮਾਪਤੀ ਸਮਾਰੋਹ ਦੇ ਮੁੱਖ ਮਹਿਮਾਨ ਹਲਕਾ ਗਿੱਲ ਦੇ ਵਿਧਾਇਕ ਸ੍ਰ: ਜੀਵਨ ਸਿੰਘ ਸੰਗੋਵਾਲ ਨੇ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਕੀਤੀ। ਉਨ੍ਹਾਂ ਨੇ ਖਿਡਾਰੀਆਂ ਦੇ ਉੱਜਵਲ ਭਵਿੱਖ ਲਈ ਕਾਮਨਾ ਕੀਤੀ। ਪੰਜਾਬ ਸਰਕਾਰ ਵੱਲੋਂ ਸਿੱਖਿਆ ਤੇ ਖੇਡਾਂ ਲਈ ਕੀਤੇ ਜਾ ਰਹੇ ਵਿਸ਼ੇਸ਼ ਉਪਰਾਲਿਆਂ ਤੋਂ ਵੀ ਜਾਣੂ ਕਰਵਾਇਆ। ਇਸ ਮੌਕੇ ਡਿਪਟੀ ਡੀਈਓ ਸ਼੍ਰੀ ਮਨੋਜ ਕੁਮਾਰ ਜੀ ਨੇ ਹਲਕਾ ਗਿੱਲ ਦੇ ਵਿਧਾਇਕ ਸ੍ਰ: ਜੀਵਨ ਸਿੰਘ ਜੀ ਸੰਗੋਵਾਲ ਨੂੰ ਜੀ ਆਇਆਂ ਆਖਿਆ ਤੇ ਪੰਜਾਬ ਸਰਕਾਰ ਦਾ ਖੇਡਾਂ ਵੱਲ ਵਿਸ਼ੇਸ਼ ਧਿਆਨ ਦੇਣ ਲਈ ਧੰਨਵਾਦ ਕੀਤਾ । ਉੱਘੇ ਸਮਾਜ ਸੇਵੀ ਅਤੇ ਖੇਡ ਪ੍ਰਮੋਟਰ ਸ੍ਰ: ਜਗਰੂਪ ਸਿੰਘ ਜੀ ਜਰਖੜ ਨੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੁੜਨ ਦਾ ਸੱਦਾ ਦਿੱਤਾ, ਉਹਨਾਂ ਸਿੱਖਿਆ ਵਿਭਾਗ ਦਾ ਜਰਖੜ ਖੇਡ ਸਟੇਡੀਅਮ ਵਿਖੇ ਖੇਡਾਂ ਕਰਵਾਉਣ ਲਈ ਧੰਨਵਾਦ ਵੀ ਕੀਤਾ। ਇਸ ਮੌਕੇ ਬੋਲਦਿਆਂ ਬੀ ਪੀ ਈ ਓ ਸ੍ਰ: ਮਨਜੀਤ ਸਿੰਘ ਜੀ ਗਰੇਵਾਲ ਬਲਾਕ ਡੇਹਲੋਂ-1 ਨੇ ਜੇਤੂ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ, ਉੱਥੇ ਨਾਲ ਹੀ ਦੂਸਰੇ ਤੇ ਤੀਸਰੇ ਸਥਾਨ ਤੇ ਆਉਣ ਵਾਲੀਆਂ ਟੀਮਾਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਆ। ਉਹਨਾਂ ਬਲਾਕ ਡੇਹਲੋਂ -1 ਦੇ ਸਮੂਹ ਅਧਿਆਪਕਾਂ ਦਾ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਲਈ ਧੰਨਵਾਦ ਕੀਤਾ। ਖੇਡ ਨਤੀਜਿਆਂ ਬਾਰੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਬਲਾਕ ਖੇਡ ਕਮੇਟੀ ਮੈਂਬਰ ਸ੍ਰ: ਜਸਵਿੰਦਰ ਸਿੰਘ ਬੁਟਾਹਰੀ ਨੇ ਦੱਸਿਆ ਕਿ ਮਿੰਨੀ ਹੈਂਡਬਾਲ ਲੜਕਿਆਂ ਦੇ ਮੁਕਾਬਲਿਆਂ ਵਿੱਚ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮੁੰਡੀਆਂ ਕਲਾਂ ਫਸਟ, ਬੀ.ਵੀ.ਐਮ ਕਿਚਲੂ ਨਗਰ ਸੈਕਿੰਡ, ਅਤੇ ਦਿੱਲੀ ਪਬਲਿਕ ਸਕੂਲ ਲੁਧਿਆਣਾ ਤੀਜੇ ਸਥਾਨ ਤੇ ਰਿਹਾ । ਜਦ ਕਿ ਮਿੰਨੀ ਹੈਂਡਬਾਲ ਲੜਕੀਆਂ ਦੇ ਮੁਕਾਬਲਿਆਂ ਵਿੱਚ ਜੀ.ਐਸ.ਐਸ. ਸੈਕਰਟ ਹਾਰਟ ਲੁਧਿਆਣਾ ਫਸਟ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮੁੰਡੀਆਂ ਕਲਾਂ ਸੈਕਿੰਡ ਅਤੇ ਦ੍ਰਿਸ਼ਟੀ ਪਬਲਿਕ ਸਕੂਲ ਨਾਰੰਗਵਾਲ ਤੀਜੇ ਸਥਾਨ ਤੇ ਰਿਹਾ। ਇਸੇ ਤਰ੍ਹਾਂ ਹਾਕੀ 6-ਏ ਸਾਈਡ ਹਾਕੀ ਲੜਕਿਆਂ ਦੇ ਮੁਕਾਬਲਿਆਂ ਵਿੱਚ ਸਨਮਤੀ ਬਿਮਲ ਜੈਨ ਸਕੂਲ ਜਗਰਾਉਂ ਫਸਟ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਕਿਲਾ ਰਾਏਪੁਰ ਸੈਕਿੰਡ ਅਤੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਸੁਧਾਰ ਤੀਜੇ ਸਥਾਨ ਤੇ ਰਿਹਾ । ਮਿੰਨੀ ਹੈਂਡਬਾਲ ਲੜਕੀਆਂ ਦੇ ਮੁਕਾਬਲਿਆਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਮੁੰਡੀਆਂ ਕਲਾਂ ਫਸਟ, ਡੀ.ਏ.ਵੀ. ਪਬਲਿਕ ਸਕੂਲ ਪੱਖੋਵਾਲ ਸੈਕਿੰਡ ਅਤੇ ਗੁਰੂ ਨਾਨਕ ਮਾਡਲ ਸਕੂਲ ਦੋਰਾਹਾ ਤੀਸਰੇ ਸਥਾਨ ਤੇ ਰਿਹਾ।

ਇਸ ਮੌਕੇ ਸਰਪੰਚ ਸੰਦੀਪ ਸਿੰਘ ਜਰਖੜ, ਤਜਿੰਦਰ ਸਿੰਘ ਜਰਖੜ, ਕੁਲਦੀਪ ਸਿੰਘ ਘਵੱਦੀ, ਸ਼ਿੰਗਾਰਾ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪ੍ਰਗਟ, ਹਰਮੀਤ ਸਿੰਘ ਜਰਖੜ, ਮਨਿੰਦਰਪਾਲ ਸਿੰਘ, ਮਨਿੰਦਰਪਾਲ ਕੌਰ, ਕੰਵਲਜੀਤ ਕੌਰ, ਇੰਦਰਜੀਤ ਕੌਰ, ਮਨਜੀਤ ਕੌਰ (ਸਾਰੇ ਸੀਐਚਟੀ), ਕਮਲੇਸ਼ ਕੌਰ ਬਲਾਕ ਖੇਡ ਅਫਸਰ, ਪਰਗਟ ਸਿੰਘ ਪੱਦੀ, ਸਤਵੀਰ ਕੌਰ ਪੋਹੀੜ, ਕੁਲਵੰਤ ਸਿੰਘ ਖਟੜਾ ਚੁਹ-ਾਰਮ, ਗੁਰਜੰਟ ਸਿੰਘ ਬੁਟਾਹਰੀ, ਜਸਵਿੰਦਰ ਸਿੰਘ ਮੁਕੰਦਪੁਰ, ਜਸਵਿੰਦਰ ਸਿੰਘ ਜੱਸੋਵਾਲ, ਹਰੂਨ ਰਫੀ ਨੰਗਲ, ਸੁਖਦੀਪ ਕੌਰ ਜਰਖੜ, ਕਮਲਜੀਤ ਕੌਰ ਘਣਗਸ, ਬੇਅੰਤ ਕੌਰ ਲਾਪਰਾਂ, ਡਿੰਪਲ ਰਾਣੀ ਡੇਹਲੋਂ, ਬਲਜੀਤ ਕੌਰ ਸਰੀਂਹ, ਗੁਰਦੀਪ ਕੌਰ ਕੈਂਡ, ਸੁਰਿੰਦਰ ਕੌਰ ਜਗੇੜਾ, ਅਕਾਸ਼ ਜਰਖੜ ਅਜੈ ਬਾਂਸਲ ਜਰਖੜ ਆਦਿ ਅਧਿਆਪਕ ਹਾਜ਼ਰ ਸਨ।

# ਐਸਸੀ. ਬੀਸੀ. ਸਮਾਜ ਦੀਆਂ ਮੰਗਾਂ ਸਬੰਧੀ ਮੁੱਖ ਮੰਤਰੀ ਪੰਜਾਬ ਨੂੰ ਡਿਪਟੀ ਕਮਿਸ਼ਨਰ ਰਾਹੀਂ ਭੇਜਿਆ ਮੰਗ ਪੱਤਰ

## ਮੰਗਾਂ ਨਾ ਮੰਨਣ ਦੀ ਸੂਰਤ ਵਿੱਚ ਮੁੱਖ ਮੰਤਰੀ ਪੰਜਾਬ ਦੀ ਸੰਗਰੂਰ ਵਿਖੇ ਰਿਹਾਇਸ਼ ਦਾ 6 ਦਸੰਬਰ ਨੂੰ ਕੀਤਾ ਜਾਵੇਗਾ ਘਿਰਾਓ : ਬਲਦੇਵ ਸਿੰਘ ਧੁੱਗਾ

**ਹੁਸ਼ਿਆਰਪੁਰ, (ਤਰਸੇਮ ਦੀਵਾਨਾ)** – ਗਜ਼ਟਿਡ ਅਤੇ ਨਾਨ ਗਜ਼ਟਿਡ ਐਸਸੀ. ਬੀਸੀ. ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਪੰਜਾਬ ਵੱਲੋਂ ਸੂਬਾ ਕਨਵੀਨਰ ਜਸਵੀਰ ਸਿੰਘ ਪਾਲ ਅਤੇ ਵਾਈਸ ਚੇਅਰਮੈਨ ਚੌਧਰੀ ਬਲਰਾਜ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੂਬਾ ਸੀਨੀਅਰ ਮੀਤ ਪ੍ਰਧਾਨ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਬਲਦੇਵ ਸਿੰਘ ਧੁੱਗਾ ਦੀ ਅਗਵਾਈ ਵਿੱਚ ਇੱਕ ਵਫਦ ਨੇ ਐਸਸੀ. ਬੀਸੀ. ਸਮਾਜ ਦੀਆਂ ਮੰਗਾਂ ਸਬੰਧੀ ਮਿਨੀ ਸੈਕਟਰੀਏਟ ਸਾਹਮਣੇ ਰੋਸ ਪ੍ਰਦਰਸ਼ਨ ਕਰਨ ਉਪਰੰਤ ਇੱਕ ਮੰਗ ਪੱਤਰ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਰਾਹੀਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਭੇਜਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਫੈਡਰੇਸ਼ਨ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਪੰਜਾਬ ਅਤੇ ਜ਼ਿਲ੍ਹਾ ਪ੍ਰਧਾਨ ਬਲਦੇਵ ਸਿੰਘ ਧੁੱਗਾ ਨੇ ਦੱਸਿਆ ਕਿ ਫੈਡਰੇਸ਼ਨ ਲੰਬੇ ਸਮੇਂ ਤੋਂ ਐਸਸੀ. ਅਤੇ ਬੀਸੀ. ਸਮਾਜ ਦੀਆਂ ਮੰਗਾਂ ਲਈ ਸੰਘਰਸ਼



ਕਰ ਰਹੀ ਹੈ। ਉਹਨਾਂ ਦੱਸਿਆ ਕਿ 85ਵੀਂ ਸੋਧ ਨੂੰ ਲਾਗੂ ਕਰਨ, 10 ਅਕਤੂਬਰ 2014 ਦਾ ਗੈਰ- ਸੰਵਿਧਾਨਿਕ ਪੱਤਰ ਰੱਦ ਕਰਨ ਅਤੇ ਐਸਸੀ. ਕਮਿਸ਼ਨਰ ਦੇ ਸਾਬਕਾ ਚੀਫ ਪ੍ਰਿੰਸੀਪਲ ਸੈਕਟਰੀ ਰਮੇਸ਼ ਕੁਮਾਰ ਗੰਟਾ ਦੀ ਰਿਪੋਰਟ ਨੂੰ ਲਾਗੂ ਕਰਨ, ਨਵੀਂ ਭਰਤੀ ਤੇ ਤਰੱਕੀਆਂ ਵਿੱਚ ਰਿਜਰਵੇਸ਼ਨ ਬੈਕਲਾਗ ਨੂੰ ਭਰਨ, ਪੁਰਾਣੀ ਪੈਨਸ਼ਨ ਬਹਾਲੀ, ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਜਾਰੀ ਕਰਨ, ਬੇਰੁਜ਼ਗਾਰੀ ਭੱਤਾ ਦੇਣ, ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨ 'ਤੇ ਅਨੁਸੂਚਿਤ ਜਾਤੀ ਦੇ ਗਰੀਬ ਤੇ ਬੇਘਰ ਲੋਕਾਂ ਨੂੰ ਘਰ ਬਣਾ ਕੇ ਅਤੇ ਮਾਲਕਾਨਾ ਹੱਕ ਦੇਣਾ ਆਦਿ ਮੰਗਾਂ ਨੂੰ ਸਰਕਾਰ ਲੰਬੇ ਸਮੇਂ ਤੋਂ ਅਣਗੌਲਿਆਂ ਕਰ ਰਹੀ ਹੈ। ਉਹਨਾਂ ਚਿਤਾਵਨੀ ਦਿੱਤੀ ਕਿ ਜੇਕਰ ਹੁਣ ਸਰਕਾਰ ਨੇ ਇਹਨਾਂ ਮੰਗਾਂ ਲਈ ਗੱਲਬਾਤ ਲਈ ਸੱਦਾ ਨਾ ਦਿੱਤਾ ਤਾਂ ਸੰਵਿਧਾਨਿਕ ਮੰਗਾਂ ਨਾ ਮੰਨਣ ਦੇ ਰੋਸ ਵਜੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਪ੍ਰੀਨਿਰਵਾਣ ਦਿਵਸ ਮੌਕੇ 6 ਦਸੰਬਰ 2025 ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸੰਗਰੂਰ ਵਿਖੇ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਲੈਕਚਰਾਰ ਜਰਨੈਲ ਸਿੰਘ ਸੀਕਰੀ , ਲਖਬੀਰ ਸਿੰਘ, ਬਲਜੀਤ ਸਿੰਘ, ਕੁਲਵੰਤ ਸਿੰਘ, ਜਸਵੀਰ ਸਿੰਘ, ਜਸਪਾਲ ਸਿੰਘ, ਗੁਰਜੀਤ ਸਿੰਘ, ਲੈਕਚਰਾਰ ਪ੍ਰਭਜੋਤ ਸਿੰਘ, ਲੈਕਚਰਾਰ ਜਸਵਿੰਦਰ ਸਿੰਘ ਸਹੋਤਾ ਆਦਿ ਸਮੇਤ ਜ਼ਿਲ੍ਹੇ ਭਰ ਦੇ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

# ਸ਼ਪੈਸ਼ਲ ਬੱਚਿਆਂ ਨੂੰ ਵੀ ਜ਼ਿੰਦਗੀ ਵਿੱਚ ਤਰੱਕੀ ਦੇ ਮੌਕੇ ਦਿੱਤੇ ਜਾਣੇ ਚਾਹੀਦੇ ਹਨ : ਕੈਬਨਿਟ ਮੰਤਰੀ

## ਕੈਬਨਿਟ ਮੰਤਰੀ ਨੇ ਆਸ਼ਾ ਕਿਰਨ ਸਕੂਲ ਨੂੰ 3 ਲੱਖ ਰੁਪਏ ਦਿੱਤੇ

**ਹੁਸ਼ਿਆਰਪੁਰ (ਤਰਸੇਮ ਦੀਵਾਨਾ)** – ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ, ਜਹਾਨਖੇਲਾ ਦਾ ਦੌਰਾ ਕੀਤਾ ਅਤੇ ਵਿਸ਼ੇਸ਼ ਬੱਚਿਆਂ ਨਾਲ ਸਮਾਂ ਬਿਤਾਇਆ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਸਪੈਸ਼ਲ ਬੱਚਿਆਂ ਨੂੰ ਵੀ ਦੂਜੇ ਬੱਚਿਆਂ ਵਾਂਗ ਜੀਵਨ ਵਿੱਚ ਤਰੱਕੀ ਕਰਨ ਦੇ ਮੌਕੇ ਦਿੱਤੇ ਜਾਣੇ ਚਾਹੀਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਆਸ਼ਾਦੀਪ ਵੈਲਫੇਅਰ ਸੋਸਾਇਟੀ ਵੱਲੋਂ ਵਿਸ਼ੇਸ਼ ਬੱਚਿਆਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਜੋੜਨ ਲਈ ਕੀਤੇ ਜਾ ਰਹੇ ਯਤਨ ਪ੍ਰਸ਼ੰਸਾਯੋਗ ਹਨ। ਇਸ ਮੌਕੇ ਮੰਤਰੀ ਡਾ. ਰਵਜੋਤ ਸਿੰਘ ਨੇ ਸਕੂਲ ਦੀ ਬਿਹਤਰੀ ਲਈ ਸੋਸਾਇਟੀ ਮੈਂਬਰਾਂ ਨੂੰ 3 ਲੱਖ ਰੁਪਏ ਸੌਂਪੇ। ਇਸ ਮੌਕੇ ਸਕੂਲ ਦੇ ਸਰਪ੍ਰਸਤ ਪਰਮਜੀਤ ਸਿੰਘ ਸਚਦੇਵਾ ਨੇ ਮੰਤਰੀ ਡਾ. ਰਵਜੋਤ



ਸਿੰਘ ਨੂੰ ਸਕੂਲ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ 1995 ਵਿੱਚ ਸਥਾਪਿਤ ਕੀਤਾ ਗਿਆ ਸੀ ਅਤੇ ਇਸ ਵੇਲੇ ਵਿਸ਼ੇਸ਼ ਲੋੜਾਂ ਵਾਲੇ 200 ਤੋਂ ਵੱਧ ਸਪੈਸ਼ਲ ਵਿਦਿਆਰਥੀਆਂ ਦੀ ਸੇਵਾ ਕਰਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸਕੂਲ ਦੇ ਹੋਸਟਲ ਵਿੱਚ 25 ਵਿਦਿਆਰਥੀ ਰਹਿੰਦੇ ਹਨ। ਆਸ਼ਾਦੀਪ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ ਅਤੇ ਕਰਨਲ ਗੁਰਮੀਤ ਸਿੰਘ ਨੇ ਸਕੂਲ ਵਿੱਚ ਦਿੱਤੀਆਂ ਜਾਣ ਵਾਲੀਆਂ ਵੱਖ-ਵੱਖ ਥੈਰੇਪੀਆਂ ਅਤੇ ਇਨ੍ਹਾਂ ਬੱਚਿਆਂ ਨੂੰ ਜੀਵਨ ਲਈ ਕਿਵੇਂ ਤਿਆਰ ਕੀਤਾ ਜਾਂਦਾ ਹੈ, ਬਾਰੇ ਜਾਣਕਾਰੀ ਸਾਂਝੀ ਕੀਤੀ। ਆਸ਼ਾਦੀਪ ਵੈਲਫੇਅਰ ਸੋਸਾਇਟੀ ਦੇ ਮੈਂਬਰਾਂ ਨੇ ਮੰਤਰੀ ਡਾ. ਰਵਜੋਤ ਸਿੰਘ ਦਾ ਧੰਨਵਾਦ ਕੀਤਾ। ਇਸ ਮੌਕੇ ਹਰੀਸ਼ ਠਾਕੁਰ, ਮਲਕੀਤ ਸਿੰਘ ਮਹੇੜੂ, ਰਾਮ ਆਸਰਾ, ਹਰਮੇਸ਼ ਤਲਵਾੜ, ਕੋਰਸ ਕੋਆਰਡੀਨੇਟਰ ਬਰਿੰਦਰ ਕੁਮਾਰ ਅਤੇ ਪ੍ਰਿੰਸੀਪਲ ਸ਼ੈਲੀ ਸ਼ਰਮਾ ਵੀ ਮੌਜੂਦ ਸਨ। **ਫੋਟੋ ਅਜਮੇਰ ਦੀਵਾਨਾ**

# 13 ਸਾਲਾਂ ਲੜਕੀ ਨਾਲ ਜਬਰ-ਜਨਾਹ ਕਰਕੇ ਕਤਲ ਕਰਨ ਵਾਲੇ ਦਰਿੰਦੇ ਨੇ ਮਨੁੱਖਤਾ ਨੂੰ ਸ਼ਰਮਸ਼ਾਰ ਕਰਕੇ ਰੱਖ ਦਿੱਤਾ : ਡਾ ਅਸ਼ੀਸ਼ ਸਰੀਨ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** – ਬੀਤੇ ਦਿਨੀ ਜਲੰਧਰ ਵਿੱਚ 13 ਸਾਲ ਦੀ ਨਾਬਾਲਿਗ ਲੜਕੀ ਨਾਲ ਜਬਰ – ਜਨਾਹ ਕਰਨ ਤੋ ਬਾਦ ਕਤਲ ਕਰਨ ਵਾਲੇ ਦਰਿੰਦੇ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਣਾ ਚਾਹੀਦਾ। ਇਹਨਾ ਗੱਲਾ ਦਾ ਪ੍ਰਗਟਾਵਾ "ਹਿਜ਼ ਐਕਸੀਲੈਂਟ ਐਡ ਕੋਚਿੰਗ ਸੈਂਟਰ" ਅਤੇ ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚੱਗਰਾ ਦੇ ਐਮ ਡੀ ਡਾ. ਆਸ਼ੀਸ਼ ਸਰੀਨ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ । ਉਹਨਾਂ ਕਿਹਾ ਕਿ ਇਹ ਘਟਨਾ ਹਰੇਕ ਇਨਸਾਨ ਦੇ ਦਿਲ ਨੂੰ ਦਹਿਲਾ ਦੇਣ ਵਾਲੀ ਅਤੇ ਮਨੁੱਖਤਾ ਨੂੰ ਸ਼ਰਮਸ਼ਾਰ ਕਰਨ ਵਾਲੀ ਘਟਨਾ ਹੈ । ਉਹਨਾਂ ਕਿਹਾ ਕਿ ਅਜਿਹੇ ਘਿਨਾਉਣੇ ਅਪਰਾਧ ਦੇ ਬਾਵਜੂਦ ਕੁੱਝ ਪੁਲਿਸ ਮੁਲਾਜਮਾਂ ਵਲੋਂ ਲਾਪਰਵਾਹੀ ਨਾਲ ਡਿਊਟੀ ਕਰਨਾ ਹੋਰ ਵੀ ਮੰਦਭਾਗੀ ਗੱਲ



ਹੈ। ਉਹਨਾਂ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੂੰ ਅਪੀਲ ਕੀਤੀ ਕਿ ਕਿ ਇਸ ਮਾਮਲੇ ਵਿੱਚ ਲਾਪਰਵਾਹੀ ਵਰਤਣ ਵਾਲੇ ਸਾਰੇ ਜਿੰਮੇਵਾਰ ਪੁਲਿਸ ਮੁਲਾਜਮਾ ਅਤੇ ਅਧਿਕਾਰੀਆਂ ਨੂੰ ਤੁਰੰਤ ਬਰਖਾਸਤ ਕੀਤਾ ਜਾਵੇ ! ਉਹਨਾਂ ਪੀੜ੍ਹਤ ਪਰਿਵਾਰ ਦੇ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਦੋਸ਼ੀ ਦੇ ਨਾਲ ਰਹਿਮ ਜਾਂ ਨਰਮੀ ਦਿਖਾਉਣਾ ਮਾਸੂਮ ਮ੍ਰਿਤਕ ਲੜਕੀ ਅਤੇ ਉਸਦੇ ਪਰਿਵਾਰ ਨਾਲ ਬਹੁਤ ਵੱਡੀ ਬੇਇਨਸਾਫ਼ੀ ਹੋਵੇਗੀ ਇਸ ਲਈ ਇਸ ਕਥਿਤ ਦੋਸ਼ੀ ਦਾ ਕੇਸ ਫਾਸਟ ਟਰੈਕ ਕੋਰਟ ਵਿੱਚ ਚਲਾ ਕੇ ਉਕਤ ਨੂੰ ਸਖਤ ਤੋਂ ਸਖਤ ਸਜ਼ਾ ਦੇਣੀ ਜਾਣੀ ਚਾਹੀਦੀ ਹੈ ਤਾਂ ਜੋ ਭਵਿੱਖ ਵਿਚ ਕੋਈ ਵੀ ਵਿਅਕਤੀ ਅਜਿਹੀ ਘਿਨਾਉਣੀ ਹਰਕਤ ਕਰਨ ਬਾਰੇ ਨਾ ਸੋਚ ਸਕੇ। ਉਹਨਾਂ ਕਿਹਾ ਕਿ ਪੰਜਾਬ ਦੇ ਇਨਸਾਫ ਪਸੰਦ ਲੋਕ ਦੁੱਖ ਦੀ ਇਸ ਘੜੀ ਵਿੱਚ ਪੀੜ੍ਹਤ ਪਰਿਵਾਰ ਦੇ ਨਾਲ ਡੱਟ ਕੇ ਖੜੇ ਹਨ। ਇਸ ਦੌਰਾਨ ਉਹਨਾਂ ਨੇ ਆਮ ਲੋਕਾਂ ਨੂੰ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਜਾਗਰੂਕ ਹੋਣ ਅਤੇ ਆਪਣੇ ਬੱਚਿਆਂ ਦੇ ਪ੍ਰਤੀ ਬਿਲਕੁਲ ਵੀ ਲਾਪਰਵਾਹੀ ਨਾ ਵਰਤਣ ਦੀ ਅਪੀਲ ਵੀ ਕੀਤੀ। ਨਾਲ ਹੀ ਪ੍ਰਸ਼ਾਸਨ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਇਸ ਮਾਮਲੇ ਦੀ ਜਾਂਚ ਵਿਚ ਕੋਈ ਢਿੱਲ ਨਾ ਵਰਤੀ ਜਾਵੇ ਤਾਂ ਜੋ ਪੀੜਤ ਪਰਿਵਾਰ ਨੂੰ ਜਲਦੀ ਨਿਆਂ ਦੁਆਇਆ ਜਾ ਸਕੇ।

# ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦੀ ਅਹਿਮ ਮੀਟਿੰਗ 30 ਨਵੰਬਰ ਨੂੰ

**ਬੰਗਾ ( ਚਰਨਜੀਤ ਸੱਲ੍ਹਾਂ)** ਸਮਾਜ ਸੇਵੀ ਕਾਰਜਾਂ ਲਈ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੀ ਸਿਰਮੌਰ ਸੰਸਥਾ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦੀ ਇਕ ਬੁਹਤ ਹੀ ਮਹੱਤਵਪੂਰਨ ਮੀਟਿੰਗ ਸੰਸਥਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ ਜੀ ਦੀ ਰਹਿਨੁਮਾਈ ਹੇਠ ਵਾਰੀਆਂ ਪਰਿਵਾਰ ਦੇ ਗ੍ਰਹਿ ਪਿੰਡ ਪਠਲਾਵਾ ਵਿਖੇ ਪਾਰਕ ਵਿਚ 30 ਨਵੰਬਰ ਨੂੰ ਹੋਣ ਜਾ ਰਹੀ ਹੈ। ਮੀਟਿੰਗ ਦੇ ਏਜੰਡੇ ਵਾਰੇ ਪ੍ਰੈਸ ਨੂੰ ਜਾਣਕਾਰੀ ਸਾਂਝੀ ਕਰਦਿਆਂ ਸੰਸਥਾ ਦੇ ਪ੍ਰਧਾਨ ਸ ਪ੍ਰਮਜੀਤ ਸਿੰਘ ਸੂਰਾਪੁਰ, ਕਾਰਜਕਾਰੀ ਪ੍ਰਧਾਨ ਸ ਬਲਵੀਰ ਸਿੰਘ ਯੂ ਕੇ ਸਾਹਿਬ, ਜਨਰਲ ਸਕੱਤਰ ਮਾ ਤਰਲੋਚਨ ਸਿੰਘ ਪਠਲਾਵਾ ਅਤੇ ਸੰਸਥਾ ਦੇ ਮੁਖ ਬੁਲ-ਾਰੇ ਲੈਕਚਰਾਰ ਤਰਸੇਮ ਪਠਲਾਵਾ ਨੇ ਦੱਸਿਆ ਕਿ ਸੰਸਥਾ ਦੇ 28 ਵੇਂ ਸਲਾਨਾ ਸਹਾਇਤਾ ਵੰਡ ਸਮਾਗਮ ਨੂੰ ਵਿਧੀਵਤ ਢੰਗ ਨਾਲ ਕਰਵਾਉਣ , ਜਗਾ ਦੀ ਚੋਣ, ਲੋੜਵੰਦ ਸਮਾਜ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਸਮੱਗਰੀ ਤੋਂ ਇਲਾਵਾ ਹੋਰ ਮਹੱਤਵਪੂਰਨ ਵਿਚਾਰਾਂ ਇਸ ਮੀਟਿੰਗ ਦਾ ਹਿੱਸਾ ਹੋਣਗੀਆਂ। ਬੁਲਾਰਿਆਂ ਨੇ



ਹੋਰ ਜਾਣਕਾਰੀ ਸਾਂਝੀ ਕਰਦਿਆਂ ਆਖਿਆ ਕਿ ਪਹਿਲਾਂ ਦੀ ਤਰਾਂ ਇਸ ਸਮਾਗਮ ਵਿੱਚ ਵੀ ਪੰਜਾਬ ਦੀਆਂ ਉਹਨਾਂ ਸਮਾਜ ਸੇਵੀ ਸੰਸਥਾਵਾਂ ਅਤੇ ਸ਼ਖਸ਼ੀਅਤਾਂ ਦੇ ਸਨਮਾਨ ਲਈ ਚੋਣ ਵਾਰੇ ਵਿਚਾਰਾਂ ਕੀਤੀਆਂ ਜਾਣਗੀਆਂ ਜਿਨਾਂ ਨੇ ਸਮਾਜ ਸੇਵਾ ਦੇ ਖੇਤਰ ਵਿਚ ਵਿਲੱਖਣ ਪਛਾਣ ਬਣਾਈ ਹੋਵੇ। ਸੰਸਥਾ ਦੇ ਬਾਨੀ ਸਰਪ੍ਰਸਤ ਸਵ ਸ ਮਹਿੰਦਰ ਸਿੰਘ ਵਾਰੀਆ ਜੀ ਜਿਨਾਂ ਦੀ 15 ਵੀਂ ਸਲਾਨਾ ਬਰਸੀ ਦਸੰਬਰ ਦੇ ਪਹਿਲੇ ਐਤਵਾਰ ਨੂੰ ਹੋਣ ਜਾ ਰਹੀ ਵਾਰੇ ਵੀ ਗੱਲ ਬਾਤ ਹੋਵੇਗੀ। ਪਿਛਲੇ ਤਿੰਨ ਸਾਲਾਂ ਦੇ ਹੋਏ ਕਾਰਜਾਂ ਲਈ ਸੰਸਥਾ ਵਲੋਂ ਇਕ ਅਹਿਮ ਕਿਤਾਬਚੇ ਨੂੰ ਵੀ ਪ੍ਰਕਾਸ਼ਿਤ ਕਰਨ ਵਾਰੇ ਵੀ ਵਿਚਾਰਾਂ ਨੂੰ ਇਸ ਮੀਟਿੰਗ ਦਾ ਹਿੱਸਾ ਬਣਾਇਆ ਜਾਵੇਗਾ। ਸੰਸਥਾ ਦੇ ਸੰਮੂਹ ਅਹੁਦੇਦਾਰ ਅਤੇ ਮੈਂਬਰਾਨ ਸਮੇਂਤ ਇਸਤਰੀ ਵਿੰਗ ਨੂੰ ਸਤਿਕਾਰ ਸਹਿਤ ਅਪੀਲ ਕੀਤੀ ਜਾਂਦੀ ਹੈ ਕਿ ਇਸ ਮੀਟਿੰਗ ਦੀ ਅਹਿਮੀਅਤ ਨੂੰ ਸਮਝਦਿਆਂ ਮੀਟਿੰਗ ਵਿੱਚ ਸ਼ਾਮਲ ਹੋਣ ਦੀ ਕਿਰ-ਪਾਲਤਾ ਕਰਨੀ ਜੀ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਸਥਾ ਦੇ ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ ਸਾਹਿਬ, ਚੇਅਰਮੈਨ ਸੰਦੀਪ ਕੁਮਾਰ ਗੌੜ, ਰਾਣਾ ਪਰਵਿੰਦਰ ਸਿੰਘ ਪੋਸੀ , ਸਤੀਸ਼ ਕੁਮਾਰ ਐਮਾਂ ਜੱਟਾਂ,ਡਾ ਕੁਲਦੀਪ ਰਾਜ ਬੰਗਾ,ਮਾ ਰਮੇਸ਼ ਕੁਮਾਰ, ਅਮਰਜੀਤ ਸਿੰਘ ਸੂਰਾਪੁਰ,ਆਤਮਾਂ ਸਿੰਘ ਸੂਰਾਪੁਰ ਸੰਸਥਾ ਦੇ ਪ੍ਰੈਸ ਸਕੱਤਰ ਮਾ ਸੁਰਿੰਦਰ ਸਿੰਘ ਕਰਮ, ਜੀ ਚੰਨੀ ਪਠਲਾਵਾ, ਮੀਡੀਆ ਇੰਚਾਰਜ ਹਰਜੀਤ ਸਿੰਘ ਜੀਤਾ, ਪ੍ਰੋ ਚਰਨਜੀਤ ਸਿੰਘ ਪੋਸੀ ਹਾਜਿਰ ਸਨ।

# ਇੱਕ ਗੱਲ ਮੰਨਣੀਂ ਪਊ

ਕਿਸੇ ਚੰਗੇ ਗੁਰੂ ਦੇ ਲੜ ਲੱਗ ਕੇ ,
ਜੀਵਨ ਨੂੰ ਸਫ਼ਲ ਬਣਾ ਲੈ ਤੂੰ ।
ਰੰਗ ਚਾੜ੍ਹ ਆਪਣਾ ਜਾਂ ਮੈਨੂੰ ,
ਜਾਂ ਮੇਰਾ ਰੰਗ ਅਪਣਾਅ ਲੈ ਤੂੰ ।
ਸ਼ਾਮਾਂ ਨੂੰ ਤਿੰਨ ਚਾਰ ਪੈੱਗ ਲਾ ਕੇ ,
ਤੂੰ ਧਰਮ ਰਾਜ ਬਣ ਜਾਨਾਂ ਏਂ ;
ਜਾਂ ਅਪਣੀ ਦਾਰੂ ਛੱਡ ਮਾਹੀਆ ,
ਜਾਂ ਪੀਣ ਜੱਟੀ ਨੂੰ ਲਾ ਲੈ ਤੂੰ ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

---

# ਸੱਚ ਬੋਲਣਾ

ਛੱਡ ਮਨਾ ਸੱਚ ਬੋਲਣਾ,
ਲੋਕ ਨਾ ਕਰਨ ਪਸੰਦ।

ਜੋ ਹੁੰਦਾ ਸੋ ਹੋਣ ਦੇ,
ਤੂੰ ਅੱਖਾਂ ਕਰ ਲੈ ਬੰਦ।

ਸੇਕ ਲਗੇਗਾ ਜਿਸਨੂੰ,
ਕਰੇਗਾ ਆਪ ਪ੍ਰਬੰਧ।

ਚੋਰ ਨੂੰ ਚੋਰ ਤੂੰ ਬੋਲ ਨਾ,
ਟੱਪ ਜਾਣ ਦੇ ਕੰਧ।


ਨਜ਼ਰ ਆਏਗਾ ਸਭ ਨੂੰ,
ਜਦੋਂ ਚੜੇਗਾ ਚੰਦ।

ਤੈਨੂੰ ਕਾਹਦਾ ਫਿਕਰ ਹੈ,
ਖੁਦ ਲੋਕੀ ਫਿਕਰਮੰਦ।

ਮੋਨ ਧਾਰ ਕੇ ਬੈਠ ਤੂੰ,
ਚੁੱਪ ਦੇ ਵਿੱਚ ਆਨੰਦ।

ਸਾਰੇ ਆਦਰ ਕਰਨਗੇ,
ਰਹਿਣਗੇ ਬਣੇ ਸਬੰਧ।


ਜੁੜੀ ਰਹੇਗੀ ਬਿੰਦਰਾ,
ਮੁਹੱਬਤਾਂ ਵਾਲੀ ਤੰਦ।



**ਬਿੰਦਰ ਸਾਹਿਤ**

# ਅੰਬੇਡਕਰ ਮਹਾਨ

ਹੁਣ ਭੈਣੇ ਤੂੰ ਅਨਪੜ੍ਹ ਨਹੀਂ ਗੰਵਾਰ ਨਹੀਂ।
ਮਨੂੰਸਿਮਰਤੀ ਦੀ ਲਟਕਦੀ ਤਲਵਾਰ ਨਹੀਂ।
ਗੁੱਤ ਪਿੱਛੇ ਮੱਤ ਵਾਲੀ ਰਹੀ ਫਿਟਕਾਰ ਨਹੀਂ।
ਪੈਰ ਦੀ ਜੁੱਤੀ ਸਮਝਣ ਵਾਲੀ ਰਹੀ ਨਾਰ ਨਹੀਂ।
ਪਾਪ ਦੀ ਯੋਨੀ, ਕੁਲੈਹਿਣੀ ਅਤੇ ਬਦਕਾਰ ਨਹੀਂ।
ਵੇਸਵਾ, ਡਾਇਣ, ਚੁੜੇਲ ਜੈਸੇ ਕਿਰਦਾਰ ਨਹੀਂ।
ਖੁਰੀ ਮੱਤ ਕਹਿਣ ਵਾਲੇ ਵੀ ਰਹੇ ਸ਼ਾਇਰ ਨਹੀਂ।
ਪੜ੍ਹਨ ਲਿਖਣ ਤੋਂ ਤੈਨੂੰ ਕੋਈ ਇਨਕਾਰ ਨਹੀ।
ਪੜ੍ਹ ਲਿਖ ਕੇ ਭਾਰਤ ਦੇਸ਼ ਦੀ ਸ਼ਾਨ ਬਣੀ।
ਘਰ ਦੀ ਚੌਖਟ ਤੋਂ ਲੈ ਕੇ ਸੰਸਦ ਤੱਕ ਮਾਣ ਬਣੀ।
ਤੂੰ ਦੁਨੀਆਂ ਦੇ ਹਰ ਖੇਤਰ ਵਿੱਚ ਮੱਲਾਂ ਮਾਰ ਰਹੀ।
ਉੱਡਦੀ ਅੰਬਰੀ, ਹਵਾਵਾਂ ਨਾਲ ਗੱਲਾਂ ਮਾਰ ਰਹੀ।
ਕਦੇ ਕੱਲੀ ਬਹਿ ਕੇ ਭਾਰਤੀ ਇਤਿਹਾਸ ਪੜ੍ਹ ਲੈਣਾ।
ਗੈਰ ਮਾਨਵਤਾਵਾਦੀ ਧਰਮਾਂ ਦਾ ਮੰਥਨ ਕਰ ਲੈਣਾ।
ਸਮਾਨਤਾ, ਸੁਤੰਤਰਤਾ, ਭਾਈਚਾਰੇ ਅਤੇ ਨਿਆਂ।
ਕਿਸ ਨੇ ਦਿੱਤਾ ਇਹ ਸਾਰਾ ਤੇਰੇ ਤੇ ਕਰਮ ਕਮਾ?
ਮੇਰੀਏ ਭੈਣੇ ਕਰਾਮਾਤ ਹੈ ਭਾਰਤੀ ਸੰਵਿਧਾਨ ਦੀ।
ਯੁੱਗ ਪੁਰਸ਼ ਬਾਬਾ ਸਾਹਿਬ ਅੰਬੇਡਕਰ ਮਹਾਨ ਦੀ।



**ਧਰਮ ਪਾਲ ਪੈਂਥਰ ਯੂ ਐਸ ਏ**

# ਭਰੂਣ ਹੱਤਿਆ

ਆ ਗਈ ਸਾਇੰਸ ਖੋਜਾਂ ਹੋਣ ਲੱਗੀਆਂ ਨੇ,
ਕੁੱਖ ਵਿੱਚ ਕੀ ਇਹ ਦੱਸਣ ਲੱਗੀਆਂ ਨੇ,
ਮੁੰਡਾ ਹੋਵੇ ਤਾਂ ਚਾਅ ਚੜ੍ਹ ਜਾਂਦੇ,
ਕੁੜੀ ਹੋਣ ਕਰਕੇ ਸਭ ਜੀਅ ਬੁੱਤ ਬਣ ਖੜ੍ਹ ਜਾਂਦੇ,
ਕੁੱਖ ਵਿੱਚ ਕਿਉਂ ਧੀਆਂ ਨੂੰ ਮਾਰਦੇ ਹੋ,
ਘਰ ਆਈ ਲਕਸ਼ਮੀ ਕਿਉਂ ਨਕਾਰਦੇ ਹੋ, ਧੀਆਂ ਦੇ ਸਾਰੇ ਸੁੱਖ ਨਾ ਖੋਹ ਲਓ,
ਸਾਨੂੰ ਵੀ ਜਿਉਣ ਦਾ ਹੱਕ ਦਿਓ,
ਸਤਿਗੁਰ ਵੀ ਸਾਨੂੰ ਬਾਣੀ ਵਿੱਚ ਫਰਮਾਉਂਦੇ ਨੇ,
"ਸੋ ਕਿਉਂ ਮੰਦਾ ਆਖੀਐ ਜਿਤ ਜਮੈ ਰਾਜਾਨ"
ਆਪਾ ਕਿਉਂ ਇਸ ਕਥਨ ਨੂੰ ਭੁਲਾਇਆ,
ਧੀਆਂ ਨੂੰ ਨਾ ਮਾਰੋ ਲੋਕੋ ਇਨ੍ਹਾਂ ਜਗਤ ਵਸਾਇਆ,
"ਪ੍ਰੀਤ ਬ੍ਰਹਮ" ਕਹਿੰਦੀ ਮੈ ਵੀ ਇਕ ਧੀ,
ਬਣਾ ਲਓ ਸਾਨੂੰ ਵੀ ਆਪਣੇ ਘਰ ਦਾ ਜੀਅ,
ਪੁੱਤਾਂ ਨਾਲ ਅਸੀਂ ਤੁਹਾਡਾ ਵੱਧ ਕਰਾਂਗੀਆਂ,
ਹਰ ਜਗ੍ਹਾ ਤੁਹਾਡੇ ਨਾਲ ਖੜ੍ਹਾਂਗੀਆਂ।



**ਸੁਖਮਨਪ੍ਰੀਤ ਕੌਰ**
**ਪਿੰਡ: ਤਿੰਮੋਵਾਲ ਜ਼ਿਲ੍ਹਾ ਅੰਮ੍ਰਿਤਸਰ**
**ਮੋ ਨੰ:** 8194923631

# ਹਿੰਗ ਲੱਗੇ ਨਾ ਫਟਕੜੀ

ਪੰਜ ਸੱਤ ਫੁਕਰੇ 'ਕੱਠੇ ਹੋ ਕੇ
ਡੇਰਾ ਇੱਕ ਬਣਾ ਲੈਂਦੇ ਨੇ।
ਪੀਰ ਫ਼ਕੀਰ ਦੀ ਫੋਟੋ ਰੱਖ ਇੱਕ
ਬਾਣਾ ਕੋਈ ਵੀ ਪਾ ਲੈਂਦੇ ਨੇ।
ਮਜਨੂੰ 'ਕੱਠੇ ਕਰਨ ਲਈ ਸੋਹਣੀ
ਰਮਣੀ ਵਿੱਚ ਬਿਠਾ ਲੈਂਦੇ ਨੇ।
ਕਰਾਮਾਤਾਂ ਦੇ ਸੋਹਲੇ ਗਾਅ ਗਾਅ
ਭੇਡਾਂ ਪਿੱਛੇ ਲਾ ਲੈਂਦੇ ਨੇ।
ਨਿੱਤ ਹੀ ਨਵਾਂ ਪਖੰਡ ਰਚਾ ਕੇ
ਮਜ਼ਮਾ ਇਹ ਸਜਾ ਲੈਂਦੇ ਨੇ।
ਭੋਲੇ ਲੋਕ ਦੁਖਾਂ ਦੇ ਮਾਰੇ
ਚੱਕਰਾਂ ਦੇ ਵਿੱਚ ਪਾ ਲੈਂਦੇ ਨੇ।
ਬੇਰੁਜ਼ਗਾਰੀ ਦੌਰ 'ਚ ਭਗਤੇ
ਇਉਂ ਤਰ ਮਾਲ ਕਮਾ ਲੈਂਦੇ ਨੇ।
ਹਿੰਗ ਲੱਗੇ ਨਾ ਫਟਕੜੀ ਕੋਈ
ਚੋਖਾ ਰੰਗ ਜਮਾ ਲੈਂਦੇ ਨੇ।
ਅਸੀਂ ਤੁਸੀਂ ਤਾਂ ਜੂਨ ਹਾਂ ਕੱਟਦੇ
ਮੌਜਾਂ ਇਹ ਮਨਾ ਲੈਂਦੇ ਨੇ।
**



**ਸ਼ਿੰਦਾ ਬਾਈ**





# ਅੰਬੇਡਕਰ ਮਿਸ਼ਨ ਸੁਸਾਇਟੀ ਨੇ ਮਨਾਇਆ ਸੰਵਿਧਾਨ ਦਿਵਸ

## ਭਾਰਤੀ ਸੰਵਿਧਾਨ ਸਾਡੀ ਏਕਤਾ, ਅਧਿਕਾਰਾਂ, ਸਮਾਨਤਾ ਅਤੇ ਨਿਆਂ ਦਾ ਪ੍ਰਤੀਕ ਹੈ – ਪ੍ਰੋ. ਬਲਬੀਰ












ਮੁਖ ਬੁਲਾਰੇ ਨੂੰ ਸਨਮਾਨ ਕਰਦੇ ਸੁਸਾਇਟੀ ਦੇ ਆਗੂ ਅਤੇ ਪ੍ਰੋਗਰਾਮ ਦੀਆਂ ਕੁਝ ਝਲਕੀਆਂ।





**ਜਲੰਧਰ (ਸਮਾਜ ਵੀਕਲੀ):** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਵੱਲੋਂ ਅੰਬੇਡਕਰ ਭਵਨ, ਡਾ.ਅੰਬੇਡਕਰ ਮਾਰਗ, ਜਲੰਧਰ ਵਿਖੇ ਸੰਵਿਧਾਨ ਦਿਵਸ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ। ਅੰਬੇਡਕਰ ਭਵਨ ਵਿੱਚ ਤਥਾਗਤ ਬੁੱਧ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦੀ ਮੂਰਤੀ ਨੂੰ ਨਤਮਸਤਕ ਹੋਣ ਤੋਂ ਬਾਅਦ ਸਮਾਗਮ ਦੀ ਸ਼ੁਰੂਆਤ ਕੀਤੀ ਗਈ। ਮੁੱਖ ਬੁਲਾਰੇ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਮੀਤ ਪ੍ਰਧਾਨ ਅਤੇ ਸਾਬਕਾ ਮੁਖੀ, ਰਾਜਨੀਤੀ ਸ਼ਾਸਤਰ ਵਿਭਾਗ, ਦੋਆਬਾ ਕਾਲਜ ਜਲੰਧਰ ਦੇ ਪ੍ਰੋਫ਼ੈਸਰ ਬਲਬੀਰ ਨੇ ਆਪਣੇ ਸੰਬੋਧਨ ਵਿੱਚ ਭਾਰਤੀ ਸੰਵਿਧਾਨ ਦਾ ਮਹੱਤਵ ਅਤੇ ਵਿਸ਼ੇਸ਼ਤਾਈਆਂ ਦਾ ਵਰਣਨ ਕਰਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਸਾਡੀ ਏਕਤਾ, ਅਧਿਕਾਰਾਂ ਅਤੇ ਸਮਾਨਤਾ, ਨਿਆਂ ਆਦਿ ਦਾ ਪ੍ਰਤੀਕ ਹੈ। ਉਨ੍ਹਾਂ ਨੇ ਡਾ. ਅੰਬੇਡਕਰ ਦੇ ਭਾਸ਼ਣ ਦਾ ਹਵਾਲਾ ਦਿੰਦਿਆਂ ਕਿਹਾ ਕਿ ਭਾਰਤੀ ਲੋਕਤੰਤਰ ਦੇ ਭਵਿੱਖ ਦੀ ਚਿੰਤਾ ਜ਼ਾਹਿਰ ਕਰਦਿਆਂ ਬਾਬਾ ਸਾਹਿਬ ਵਲੋਂ ਲੋਕਤੰਤਰ ਦੇ ਪਤਨ ਨੂੰ ਲੈ ਕੇ ਦਿੱਤੀਆਂ ਤਿੰਨ ਚੇਤਾਵਨੀਆਂ ਦਾ ਜ਼ਿਕਰ ਵੀ ਕੀਤਾ ਅਤੇ ਭਾਰਤੀ ਸੰਵਿਧਾਨ ਨੂੰ ਦੁਨੀਆ ਦਾ ਸਭ ਤੋਂ ਵੱਡਾ ਸੰਵਿਧਾਨ ਦੱਸਿਆ। ਅੰਬੇਡਕਰ ਭਵਨ ਟਰੱਸਟ ਦੇ ਜਨਰਲ ਸਕੱਤਰ ਅਤੇ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਸਰਪ੍ਰਸਤ ਡਾ. ਜੀ.ਸੀ. ਕੌਲ ਨੇ ਭਾਰਤੀ ਸੰਵਿਧਾਨ ਦੀ ਮਹੱਤਾ 'ਤੇ ਗੱਲ ਕਰਦਿਆਂ ਕਿਹਾ ਕਿ ਜੇਕਰ ਬਾਬਾ ਸਾਹਿਬ ਦਾ ਸੰਵਿਧਾਨ ਸਾਡੇ ਜੀਵਨ ਵਿੱਚ ਨਾ ਹੁੰਦਾ ਤੇ ਅਸੀਂ ਅੱਜ ਵੀ 3 ਹਜਾਰ ਸਾਲ ਪਹਿਲਾਂ ਵਾਲੀ ਗੁਲਾਮੀ ਵਾਲਾ ਜੀਵਨ ਭੋਗ ਰਹੇ ਹੁੰਦੇ। ਉਨ੍ਹਾਂ ਇਹ ਵੀ ਕਿਹਾ ਕਿ ਇਹ ਸੰਵਿਧਾਨ ਸਿਰਫ ਦਲਿਤਾਂ ਵਾਸਤੇ ਹੀ ਨਹੀਂ ਬਲਕਿ ਪੂਰੇ ਭਾਰਤ ਦਾ ਸੰਵਿਧਾਨ ਹੈ। ਪੂਰੇ ਭਾਰਤ ਨੂੰ ਸੰਵਿਧਾਨ ਦਿਵਸ ਨੂੰ ਬਹੁਤ ਉਤਸ਼ਾਹ ਦੇ ਨਾਲ ਮਨਾਉਣਾ ਚਾਹੀਦਾ ਹੈ। ਇਨ੍ਹਾਂ ਤੋਂ ਇਲਾਵਾ ਸਾਬਕਾ ਰਾਜਦੂਤ ਰਮੇਸ਼ ਚੰਦਰ ਅਤੇ ਸਮਰਪਿਤ ਅੰਬੇਡਕਰਵਾਦੀ ਅਤੇ ਬੁੱਧੀਜੀਵੀ ਸੋਹਨ ਲਾਲ ਸਾਂਪਲਾ ਜਰਮਨੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਨੇ ਕਿਹਾ ਕਿ ਭਾਰਤੀ ਸੰਵਿਧਾਨ ਦਾ ਵਿਰੋਧ ਕਰਨ ਵਾਲੇ ਲੋਕ ਇਹ ਯਾਦ ਰੱਖਣ ਕਿ ਇਹ ਸੰਵਿਧਾਨ ਉਨ੍ਹਾਂ ਦਾ ਵੀ ਭਲਾ ਕਰਦਾ ਹੈ। ਜਿਹੜੇ ਵੀ ਲੋਕ ਸੱਤਾ ਦਾ ਸੁੱਖ ਭੋਗ ਰਹੇ ਹਨ, ਉਹ ਇਸੇ ਹੀ ਸੰਵਿਧਾਨ ਸਦਕਾ ਹੈ।, ਭਾਰਤੀ ਸੰਵਿਧਾਨ ਦੀ ਖਾਸੀਅਤ ਇਹ ਹੈ ਕਿ ਦੇਸ਼ ਵਿੱਚ ਵਿਭਿੰਨ ਭਾਸ਼ਾਵਾਂ, ਜਾਤਾਂ, ਧਰਮ ਅਤੇ ਸੈਂਕੜੇ ਤਰ੍ਹਾਂ ਦਾ ਆਪਾ ਵਿਰੋਧ ਹੋਣ ਦੇ ਬਾਵਜੂਦ ਵੀ ਸੰਵਿਧਾਨ ਨੇ ਇਨ੍ਹਾਂ ਸੱਭ ਨੂੰ ਇੱਕ ਲੜੀ ਵਿੱਚ ਪਰੋਈ ਰੱਖਿਆ ਹੈ ਅਤੇ 75 ਸਾਲ ਬਾਅਦ ਵੀ ਦੇਸ਼ ਦੀ ਅਖੰਡਤਾ ਬਰਕਰਾਰ ਹੈ। ਇਸ ਲਈ ਡਾ. ਅੰਬੇਡਕਰ ਵੱਲੋਂ ਬਣਾਏ ਗਏ ਸੰਵਿਧਾਨ ਦਾ ਪੂਰੇ ਭਾਰਤ ਵਾਸੀਆਂ ਨੂੰ ਸਤਿਕਾਰ ਕਰਨਾ ਚਾਹੀਦਾ ਹੈ। ਸਟੇਜ ਦਾ ਸੰਚਾਲਨ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਬਾਖੂਬੀ ਕੀਤਾ। ਇਸ ਮੌਕੇ ਐਡਵੋਕੇਟ ਪਰਮਿੰਦਰ ਸਿੰਘ ਖੁੱਤਣ, ਤਿਲਕਰਾਜ, ਐਡਵੋਕੇਟ ਹਰਭਜਨ ਸਾਂਪਲਾ, ਬਲਦੇਵ ਰਾਜ ਜੱਸਲ, ਸੋਹਣ ਲਾਲ (ਰੀਟਾ.ਡੀ ਪੀ ਆਈ), ਹਰਮੇਸ਼ ਜੱਸਲ , ਪਿਸ਼ੌਰੀ ਲਾਲ ਸੰਧੂ, ਜੋਤੀ ਪ੍ਰਕਾਸ਼, ਡੀ ਪੀ ਭਗਤ, ਹਰੀ ਸਿੰਘ ਥਿੰਦ, ਡਾ. ਸਤਪਾਲ, ਜਗਤਾਰ ਰਾਮ, ਰਜਿੰਦਰ ਕੁਮਾਰ, ਪ੍ਰਿੰਸੀਪਲ ਪਰਮਜੀਤ ਜੱਸਲ, ਪ੍ਰੋਫੈਸਰ ਅਸ਼ਵਨੀ ਜੱਸਲ, ਪ੍ਰਿੰਸੀਪਲ ਕੇ.ਐਸ. ਫੂੱਲ, ਨਿਰਮਲ ਬਿੰਝੀ, ਹਰੀ ਰਾਮ, ਧਨੀ ਰਾਮ ਸੂਦ, ਅਮਜਦ ਬੇਗ, ਮੈਡਮ ਸੁਮਨ, ਸੁਖਵਿੰਦਰ ਕੌਰ, ਸੁਰਿੰਦਰ ਕੌਰ ਆਦਿ ਹਾਜ਼ਰ ਸਨ।

**ਬਲਦੇਵ ਰਾਜ ਭਾਰਦਵਾਜ**
**ਜਨਰਲ ਸਕੱਤਰ**
**ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.)**

# ਨਰਸਿੰਗ ਕਾਲਜ ਢਾਹਾਂ ਕਲੇਰਾਂ ਦੇ ਟੌਪਰ ਵਿਦਿਆਰਥੀਆਂ ਨੂੰ ਦੋ ਲੱਖ ਨੱਬੇ ਹਜ਼ਾਰ ਰੁਪਏ ਦੀ ਸਕਾਲਰਸ਼ਿਪ ਪ੍ਰਦਾਨ




ਨਰਸਿੰਗ ਕਾਲਜ ਢਾਹਾਂ ਕਲੇਰਾਂ ਦੇ ਸਕਾਲਰਸ਼ਿਪ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਸ. ਬਰਜਿੰਦਰ ਸਿੰਘ ਢਾਹਾਂ ਨਾਲ ਯਾਦਗਾਰੀ ਤਸਵੀਰ।

**ਬੰਗਾ ਨਵੰਬਰ (ਚਰਨਜੀਤ ਸੱਲ੍ਹਾਂ)** ਨਰਸਿੰਗ ਸਿੱਖਿਆ ਦੀ ਪੰਜਾਬ ਦੀ ਪ੍ਰਮੁੱਖ ਸੰਸਥਾ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਬੀਤੇ ਦਿਨੀ ਜੀ.ਐਨ.ਐਮ. ਅਤੇ ਬੀ.ਐਸ.ਸੀ. ਨਰਸਿੰਗ ਡਿਗਰੀ ਕੋਰਸਾਂ ਦੇ 8 ਟੌਪਰ ਨਰਸਿੰਗ ਵਿਦਿਆਰਥੀਆਂ ਨੂੰ ਸ਼ਾਨਦਾਰ ਅਕਾਦਮਿਕ ਪ੍ਰਾਪਤੀਆਂ ਲਈ ਸ. ਬਰਜਿੰਦਰ ਸਿੰਘ ਢਾਹਾਂ ਮੀਤ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ, ਕੈਨੇਡਾ-ਇੰਡੀਆ ਐਜੂਕੇਸ਼ਨਲ ਸੁਸਾਇਟੀ ਅਤੇ ਕੈਨੇਡਾ ਦੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਦੋ ਲੱਖ ਰੁਪਏ ਨੱਬੇ ਹਜ਼ਾਰ ਰੁਪਏ ਦੀਆਂ ਸਕਾਲਰਸ਼ਿਪ ਪ੍ਰਦਾਨ ਕੀਤੀਆਂ ਗਈਆਂ । ਇਸ ਮੌਕੇ ਕਾਲਜ ਪ੍ਰਬੰਧਕ ਟਰੱਸਟ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਅਤੇ ਸ. ਬਰਜਿੰਦਰ ਸਿੰਘ ਢਾਹਾਂ ਨੇ ਆਪਣੇ ਕਰ ਕਮਲਾਂ ਨਾਲ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇ ਚੈੱਕ ਭੇਟ ਕੀਤੇ । ਸਮਾਰੋਹ ਦੌਰਾਨ ਸੰਬੋਧਨ ਕਰਦੇ ਹੋਏ ਸ. ਬਰਜਿੰਦਰ ਸਿੰਘ ਢਾਹਾਂ ਨੇ ਸਕਾਲਰਸ਼ਿਪ ਪ੍ਰਾਪਤ ਕਰਨ ਵਾਲੇ ਸਮੂਹ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀ । ਉਹਨਾਂ ਨੇ ਕਿਹਾ ਕਿ ਕਾਲਜ ਵੱਲੋਂ ਆਪਣੇ 27 ਸਾਲਾਂ ਦੇ ਸਫਰ ਦੌਰਾਨ ਬਹੁਤ ਸ਼ਾਨਾਮੱਤੀ ਪ੍ਰਾਪਤੀਆਂ ਕੀਤੀਆਂ ਹਨ ਅਤੇ ਇਸ ਕਾਲਜ ਤੋਂ ਹੁਣ ਤੱਕ 2653 ਵਿਦਿਆਰਥੀ ਨਰਸਿੰਗ ਡਿਗਰੀ ਪ੍ਰਾਪਤ ਕਰਕੇ ਨਰਸਿੰਗ ਅਤੇ ਸਿਹਤ ਸੇਵਾਵਾਂ ਦੇ ਖੇਤਰ ਵਿਚ ਦੇਸ਼-ਵਿਦੇਸ਼ ਵਿਚ ਲੀਡਰਸ਼ਿੱਪ ਅਹੁੱਦਿਆਂ 'ਤੇ ਸ਼ਾਨਦਾਰ ਕੰਮ ਕਰ ਰਹੇ ਹਨ । ਢਾਹਾਂ ਕਲੇਰਾਂ ਵਿਖੇ ਬਾਨੀ ਪ੍ਰਧਾਨ ਬਾਬਾ ਬੁੱਧ ਸਿੰਘ ਢਾਹਾਂ ਜੀ ਦੀ ਦੂਰ ਅੰਦੇਸ਼ੀ ਸੋਚ ਸਦਕਾ ਸਾਲ 1998 ਵਿਚ ਨਰਸਿੰਗ ਕਾਲਜ ਸਥਾਪਿਤ ਹੋਇਆ ਸੀ ਜੋ ਪੰਜਾਬ ਦੇ ਪੇਂਡੂ ਖੇਤਰ ਦਾ ਤੀਜਾ ਨਰਸਿੰਗ ਕਾਲਜ ਸੀ । ਇਸ ਮੌਕੇ ਸ. ਢਾਹਾਂ ਨੇ ਸਕਾਲਰਸ਼ਿੱਪ ਪ੍ਰਦਾਨ ਕਰਨ ਵਿਚ ਵਿਸ਼ੇਸ਼ ਸਹਿਯੋਗ ਦੇਣ ਲਈ ਕੈਨੇਡਾ-ਇੰਡੀਆ ਐਜੂਕੇਸ਼ਨਲ ਸੁਸਾਇਟੀ ਅਤੇ ਦਾਨੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ । ਉਹਨਾਂ ਨੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇ ਚੈੱਕ ਦਿੰਦੇ ਉਹਨਾਂ ਨੂੰ ਹੋਰ ਵੀ ਮਿਹਨਤ ਨਾਲ ਪੜ੍ਹਾਈ ਕਰਕੇ ਆਪਣਾ, ਆਪਣੇ ਮਾਪਿਆਂ ਅਤੇ ਆਪਣੇ ਕਾਲਜ ਦਾ ਨਾਮ ਰੋਸ਼ਨ ਕਰਨ ਲਈ ਪ੍ਰੇਰਿਆ । ਵਿਦਿਆਰਥੀਆਂ ਨੇ ਵੀ ਆਪਣੀ ਖ਼ੁਸ਼ੀ ਦਾ ਇਜ਼ਹਾਰ ਕਰਦੇ ਹੋਏ ਕਾਲਜ ਪ੍ਰਬੰਧਕਾਂ ਦਾ ਹਾਰਦਿਕ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਹ ਚੰਗੇ ਅੰਕ ਪ੍ਰਾਪਤ ਕਰਕੇ ਆਪਣੇ ਕਾਲਜ ਅਤੇ ਆਪਣੇ ਮਾਪਿਆਂ ਦਾ ਨਾਮ ਰੋਸ਼ਨ ਕਰਨਗੇ । ਇਸ ਸਾਲ ਬਾਬਾ ਬੁੱਧ ਸਿੰਘ ਢਾਹਾਂ ਐਕਸੀਲੈਂਸ ਅਵਾਰਡ ਸਕਾਲਰਸ਼ਿਪ ਹਰਲੀਨ ਕੌਰ ਪੁੱਤਰੀ ਨਛੱਤਰ ਸਿੰਘ-ਸੁਰਜੀਤ ਕੌਰ ਬੀ ਐਸ ਸੀ ਨਰਸਿੰਗ (ਚੌਥਾ ਸਾਲ) ਨੇ ਪਹਿਲਾ ਸਥਾਨ ਪ੍ਰਾਪਤ ਕਰਕੇ 50 ਹਜ਼ਾਰ ਰੁਪਏ ਦਾ ਇਨਾਮ ਹਾਸਲ ਕੀਤਾ ਹੈ । ਇਸੇ ਤਰ੍ਹਾਂ ਸ਼ਾਨਦਾਰ ਵਿਦਿਅਕ ਪ੍ਰਾਪਤੀਆਂ ਲਈ ਪਰਮੀਤ ਸਿੰਘ ਪੁੱਤਰ ਹਰਦੀਪ ਸਿੰਘ-ਪਰਮਿੰਦਰ ਕੌਰ ਬੀ ਐਸ ਸੀ (ਨਰਸਿੰਗ) ਪਹਿਲਾ ਸਾਲ, ਤਰਨਦੀਪ ਕੌਰ ਪੁੱਤਰੀ ਜਸਵੀਰ ਸਿੰਘ-ਰੀਨਾ ਜੀ ਐਨ ਐਮ (ਨਰਸਿੰਗ) ਪਹਿਲਾ ਸਾਲ, ਜਸਲੀਨ ਕੌਰ ਪੁੱਤਰੀ ਨੱਛਤਰ ਸਿੰਘ-ਸੁਰਜੀਤ ਕੌਰ ਜੀ ਐਨ ਐਮ (ਨਰਸਿੰਗ) ਦੂਜਾ ਸਾਲ, ਅਮਰਦੀਪ ਕੌਰ ਪੁੱਤਰੀ ਸੁਖਦੇਵ ਸਿੰਘ-ਰਾਜਬੀਰ ਕੌਰ ਜੀ ਐਨ ਐਮ (ਨਰਸਿੰਗ) ਤੀਜਾ ਸਾਲ, ਜਸਮੀਨ ਕੌਰ ਪੁੱਤਰੀ ਮੱਖਣ ਸਿੰਘ-ਪਰਮਾਰ ਕੁਮਾਰੀ ਬੀ ਐਸ ਸੀ (ਨਰਸਿੰਗ) ਦੂਜਾ ਸਾਲ, ਅਨੁਦੀਪ ਕੌਰ ਪੁੱਤਰੀ ਅਮਰਜੀਤ ਸਿੰਘ-ਕਿਰਨਜੀਤ ਕੌਰ ਬੀ ਐਸ ਸੀ (ਨਰਸਿੰਗ) ਤੀਜਾ ਸਾਲ ਅਤੇ ਹਰਨੀਤ ਕੌਰ ਪੁੱਤਰੀ ਰਾਜਵਿੰਦਰ ਸਿੰਘ-ਸੁਨੀਤਾ ਰਾਣੀ ਬੀ ਐਸ ਸੀ (ਨਰਸਿੰਗ) ਤੀਜਾ ਸਾਲ ਨੇ ਸਕਾਲਰਸ਼ਿਪ ਪ੍ਰਾਪਤ ਕੀਤੀਆਂ। ਕਾਲਜ ਪ੍ਰਬੰਧਕ ਟਰੱਸਟ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਟਰੱਸਟ ਮੈਂਬਰਾਂ ਵੱਲੋਂ ਸਕਾਲਰਸ਼ਿਪ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੁੱਭ ਕਾਮਨਾਵਾਂ ਦਿੰਦਿਆਂ, ਉਹਨਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦਾ ਪਹਿਲਾ ਨਰਸਿੰਗ ਕਾਲਜ ਹੈ ਜੋ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਅਤੇ ਬਰਸਰੀਜ਼ ਪ੍ਰਦਾਨ ਕਰਦਾ ਹੈ । ਇਸ ਮੌਕੇ ਕਾਲਜ ਪ੍ਰਿੰਸੀਪਲ ਮੈਡਮ ਰਮਨਦੀਪ ਕੌਰ ਨੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇਣ ਲਈ ਸਮੂਹ ਕਾਲਜ ਪ੍ਰਬੰਧਕਾਂ ਦਾ ਹਾਰਦਿਕ ਧੰਨਵਾਦ ਕੀਤਾ । ਇਸ ਮੌਕੇ ਵਿਦਿਆਰਥੀਆਂ ਵੱਲੋਂ ਸਭਿਆਚਾਰਕ ਪੇਸ਼ਕਾਰੀਆਂ ਵੀ ਕੀਤੀਆਂ ਗਈਆਂ, ਜਿਸ ਨੇ ਸਰੋਤਿਆ ਦਾ ਮਨ ਮੋਹ ਲਿਆ ।

# ਪੰਜਾਬ ਵਿੱਚ ਅੱਜ ਤੱਕ ਬਣੀਆਂ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਨੇ ਪੰਜਾਬ ਨੂੰ ਦੇਸ਼ ਦਾ ਨੰਬਰ ਇੱਕ ਕਰਜ਼ਾਈ ਸੂਬਾ ਬਣਾ ਦਿੱਤਾ : ਪ੍ਰਦੀਪ ਜੱਸੀ

**ਬੰਗਾ( ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਪ੍ਰਦੀਪ ਜੱਸੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਵਿੱਚ ਅੱਜ ਤੱਕ ਬਣੀਆਂ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਨਾਲ ਪੰਜਾਬ ਦੇਸ਼ ਦਾ ਨੰਬਰ ਇੱਕ ਕਰਜ਼ਾਈ ਸੂਬਾ ਬਣ ਗਿਆ ਹੈ। ਪ੍ਰਦੀਪ ਜੱਸੀ ਨੇ ਦੱਸਿਆ ਕਿ ਪੀ ਆਰ ਐੱਸ ਲੈਜਿਸਲੇਟਿਵ ਰਿਸਰਚ ਇੰਸਟੀਚਿਊਟ ਦੇ ਤਾਜ਼ਾ ਅੰਕੜਿਆਂ ਅਨੁਸਾਰ ਪੰਜਾਬ ਸਿਰ ਏਨਾ ਕਰਜ਼ਾ ਹੋ ਗਿਆ ਹੈ ਕਿ ਔਸਤ ਪ੍ਰਤੀ ਵਿਅਕਤੀ ਪੰਜਾਬ ਦੇ ਵਾਸੀ ਸਿਰ 1,23,274 ਰੁਪਏ ਕਰਜ਼ਾ ਹਿੱਸੇ ਆਉਂਦਾ ਹੈ। ਕਰਜ਼ਾਈ ਸੂਚੀ ਵਿੱਚ ਦੂਜਾ ਸਥਾਨ ਕੇਰਲਾ ਦਾ ਹੈ ਜਿੱਥੇ ਪ੍ਰਤੀ ਵਿਅਕਤੀ 1,20,444 ਰੁਪਏ ਦਾ ਕਰਜ਼ਾ ਹੈ। ਤੀਜਾ ਸਥਾਨ ਮਹਾਰਾਸ਼ਟਰ ਦਾ ਜਿੱਥੇ 65568 ਰੁਪਏ ਕਰਜ਼ਾ ਪ੍ਰਤੀ ਵਿਅਕਤੀ ਹੈ।ਚੌਥਾ ਸਥਾਨ ਗੁਜਰਾਤ ਦਾ ਜਿਥੇ ਪ੍ਰਤੀ ਵਿਅਕਤੀ 54655 ਦਾ ਕਰਜ਼ਾ ਹੈ। ਪੰਜਵਾਂ ਸਥਾਨ ਬਿਹਾਰ ਦਾ ਹੈ ਜਿੱਥੇ ਪ੍ਰਤੀ ਵਿਅਕਤੀ ਕਰਜ਼ਾ 21220 ਰੁਪਏ ਹਿੱਸੇ ਆਉਂਦਾ ਹੈ।

ਸ਼੍ਰੀ ਪ੍ਰਦੀਪ ਜੱਸੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਕਰ ਦੂਜੇ ਸੂਬੇ ਘੱਟ ਕਰਜ਼ਾਈ ਹਨ ਤਾਂ ਫਿਰ ਪੰਜਾਬ ਦੀਆਂ ਸਰਕਾਰਾਂ ਨੇ ਪੰਜਾਬ ਨੂੰ ਕਰਜ਼ੇ ਵਿੱਚ ਕਿਓ ਡੋਬ ਦਿੱਤਾ। ਪੰਜਾਬ ਦੀਆਂ ਸਰਕਾਰਾਂ ਆਪਣੀ ਫੋਕੀ ਵਾਹ ਵਾਹ ਕਰਵਾਉਣ ਲਈ ਕਰਜ਼ਾ



ਚੁੱਕ ਚੁੱਕ ਕੇ ਪੰਜਾਬ ਨੂੰ ਬਰਬਾਦ ਕਰ ਰਹੀਆਂ ਹਨ। ਪੰਜਾਬ ਦੀਆਂ ਸਰਕਾਰਾਂ ਨੂੰ ਚਾਹੀਦਾ ਤਾਂ ਇਹ ਸੀ ਕਿ ਸੂਬੇ ਵਾਸਤੇ ਵਧੀਆ ਨੀਤੀਆਂ ਬਣਾ ਕੇ ਪੰਜਾਬ ਨੂੰ ਕਰਜ਼ੇ ਵਿੱਚੋ ਬਾਹਰ ਕੱਢਣ ਦਾ ਯਤਨ ਕਰਦੇ। ਪਰ ਮੌਜੂਦਾ ਝਾੜੂ ਸਰਕਾਰ ਨੇ ਬੇਲੋੜਾ ਕਰਜ਼ਾ ਚੁੱਕ ਕੇ ਪੰਜਾਬ ਨੂੰ ਨੰਬਰ ਇੱਕ ਕਰਜ਼ਾਈ ਸੂਬੇ ਦਾ ਖਿਤਾਬ ਦਿਵਾ ਦਿੱਤਾ। ਅਖੀਰ ਵਿੱਚ ਪ੍ਰਦੀਪ ਜੱਸੀ ਨੇ ਪੰਜਾਬ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਇੱਕ ਵਾਰ ਬਹੁਜਨ ਸਮਾਜ ਪਾਰਟੀ ਦਾ ਰਾਜ ਪੰਜਾਬ ਵਿੱਚ ਲਿਆਉਣਾ ਜਰੂਰੀ ਹੋ ਗਿਆ ਹੈ। ਬਸਪਾ ਹੀ ਪੰਜਾਬ ਨੂੰ ਕਰਜ਼ੇ ਤੋਂ ਮੁਕਤ ਕਰ ਸਕਦੀ ਹੈ ਅਤੇ ਨੌਜਵਾਨ ਵਰਗ, ਔਰਤਾਂ ਵਾਸਤੇ,ਵਿਉਪਾਰੀ , ਕਿਸਾਨ, ਮਜਦੂਰ, ਮੁਲਾਜ਼ਮਾਂ ਲਈ ਵਧੀਆ ਅਤੇ ਪ੍ਰਭਾਵਸ਼ਾਲੀ ਯੋਜਨਾਵਾਂ ਤਿਆਰ ਕਰ ਸਕਦੀ ਹੈ। ਸਾਨੂੰ ਸਾਰਿਆਂ ਨੂੰ ਨੀਲਾ ਝੰਡਾ ਹਾਥੀ ਨਿਸ਼ਾਨ ਦੇ ਬੈਨਰ ਹੇਠ ਇਕੱਠੇ ਹੋਣਾ ਚਾਹੀਦਾ ਹੈ ਤਾਂ ਹੀ ਪੰਜਾਬ ਵਾਸੀਆਂ ਦੀ ਭਲਾਈ ਹੋ ਸਕਦੀ ਹੈ।ਇਸ ਲਈ ਬਸਪਾ ਅਪਣਾਓ ਪੰਜਾਬ ਬਚਾਓ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.

... (FREE CONSULTATION) ...

GENERAL DISEASES: ਸ਼ੱਕਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), (Sciatica), ਬਦਹਜ਼ਮੀ (Indigestion), (Heart Burning), ਕਬਜ਼ੀ (Constipation), ਬਵਾਸੀਰ (Piles), (Haemorrhoids), ਅਫਾਰਾ (Flatulence), ਪੀਲੀਆ ਰੋਗ (Jaundice), (Hepatitis), ਹਰਨੀਆ (Hernia), ਬਲੱਡ ਪ੍ਰੈਸ਼ਰ (Blood Presure High or Low), ਮੁਟਾਪਾ (Obesity), (Migraine), ਵਾਲਾਂ ਦਾ ਟੁੱਟਣਾ (Hair Falling), (Alopecia), ਚੇਹਰੇ ਤੇ ਕਿੱਲ (Acne), (Pigmentation), (Bleeding Gums & Pyorrhoea), (Tinnitis), (Vertigo), ਖ਼ੂਨ ਦੀ ਕਮੀ (Anaemia), (Neuralgia), ਮਾਨਸਿਕ ਨਿਰਾਸ਼ਤਾ ਅਤੇ ਬੇਚੈਨੀ (Depression).


MANJEET SINGH KHANBA
Award Winner 1999, 2001 & 2005
(2 Awards) BSYA

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਚਿੜਚਿੜਾਪਣ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA, ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ਮਾਨਸਿਕ ਤਣਾਅ, ਥਕਾਵਟ, ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :
... (AZOOSPERMIA), ... (HYDROCELE), ... (GONORRHOEA), ... (PROSTATE GLAND) ... (SYPHILIS) ... (VARICOCELE) ...

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

... (Dysmenorrhoea), ... (Atrophy of Mammae) ... (Mastitis), ... (Uterus) ... (Physometra) ... (Fibroid Uterine), ... (Diseases of Ovaries), ... (Ovarian Cysts), ... (Vaginimus), ... (Vaginitis), ... (Frigidity), ... (Prutitis), ... (Sterility), ... (Miscarriage) ... (Diseases of Post Partum) ... (Menopause Disorders) ...

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**
LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P.) AND (NUTRL.)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')
ਪੂਰੀ INFORMATION, ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... £89
ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES): ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES): ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... (VAGINAL LUBRICATION GEL / MAGIC) ... £49
ਨੁਸਖਾ ਨੰਬਰ 7 (IN CAPSULES): ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES): ... £59
ਨੁਸਖਾ ਨੰਬਰ 9 (IN CAPSULES): ... £59
ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP ... £59
ਨੁਸਖਾ ਨੰਬਰ 11 (IN TABLETS): ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
ਨੁਸਖਾ ਨੰਬਰ 13 (IN VIALS): ... £89
ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

ਬੱਚਿਆਂ ਦੀਆਂ ਬੀਮਾਰੀਆਂ, ਜਿਵੇਂ: ... (Stammering), ਟੌਂਸਿਲ (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ਮਿਰਗੀ (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES | (IN OINTMENT) - ... | £19 |
| NURALACO | (IN OINTMENT OR LOTION) — ... | £19 |
| CHILLAGA | (IN OINTMENT OR LOTION) — ... | £19 |
| ARNSTRA | (IN OINTMENT) — ... (SPRAINS) ... (BED SORES) ... | £19 |
| BELINFLA | (IN OIL OR OINTMENT) — ... | £19 |
| BELULCE | (IN OIL) — ... ULCERS ... | £19 |
| BRYJOIN | (IN OIL) — ... | £19 |
| CALWOUN | (IN OIL OR OINTMENT) — ... | £19 |
| BURCAN | (IN LOTION OR OINTMENT) — ... | £19 |
| ROUTUM | (IN OINTMENT) — ... | £19 |
| JOINRHU | (IN OIL) — ... | £19 |
| ABSSIL | (IN LOTION) — ... | £19 |
| ITCSUL | (IN OIL) — ... | £19 |
| WARTHU | (IN OIL) — ... (WARTS) ... | £19 |

• HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRL.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

# ਸਾਹਿਤਕ ਕਿਤਾਬਾਂ ਵੰਡ ਕੇ ਮਨਾਇਆ ਜਨਮ ਦਿਨ

**ਬੰਗਾ ( ਚਰਨਜੀਤ ਸੱਲ੍ਹਾਂ )** ਸਮਾਜ ਅੰਦਰ ਛੋਟੇ ਅਤੇ ਵੱਡਿਆਂ ਦੇ ਜਨਮ ਦਿਨ ਮਨਾਉਣ ਦੀ ਪ੍ਰੰਪਰਾ ਚੱਲ ਪਈ ਹੈ ਲਆਮ ਤੌਰ ਤੇ ਜਨਮ ਦਿਨ ਮਨਾਉਣ ਦੀ ਰਸਮ ਕੇਕ ਕੱਟਣ ਅਤੇ ਮਠਿਆਈ ਖਾਣ ਤੱਕ ਸੀਮਤ ਹੋ ਕੇ ਰਹਿ ਗਈ ਹੈ ਲਅਜਿਹੀ ਰਵਾਇਤ ਦੇ ਚੱਲਦਿਆਂ ਕੁੱਝ ਲੋਕ ਵੱਖਰੇ ਢੰਗ ਨਾਲ ਵੀ ਮਨਾ ਰਹੇ ਹਨ ਲ ਜਿਸ ਦਾ ਸਮਾਜ ਵਿੱਚ ਵਧੀਆ ਸੁਨੇਹਾ ਜਾਂਦਾ ਹੈ ਲਪਿੰਡ ਚੱਕ ਬਿਲਗਾਂ ਦੇ ਸਾਬਕਾ ਸਰਪੰਚ ਡਾਕਟਰ ਅਵਤਾਰ ਚੰਦ ਦੇ ਜਨਮ ਦਿਨ ਮੌਕੇ ਪਰਿਵਾਰ ਵਲੋਂ ਬੱਚਿਆਂ ਨੂੰ ਸਾਹਿਤਕ,ਗਿਆਨ ਵਧਾਉਣ ਵਾਲੀਆਂ ਕਿਤਾਬਾਂ ਦੇ ਕੇ ਯਾਦ ਕੀਤਾ ਗਿਆ ਲ ਵਿਵੇਕ ਵਿਕਾਸ ਲਹਿਰ ਪੰਜਾਬ,ਮੁੱਖ ਦਫ਼ਤਰ ਬੰਗਾ,ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਪ੍ਰੇਰਨਾ ਅਤੇ ਸਹਿਯੋਗ ਨਾਲ ਇਹ ਸਮਾਗਮ ਪਿੰਡ ਚੱਕ ਬਿਲਗਾਂ ਵਿਖੇ ਆਯੋਜਤ ਕੀਤਾ ਗਿਆ ਲਇਸ ਸੰਸਥਾ ਵਲੋਂ ਸਾਹਿਤਕ,ਗਿਆਨ,ਵਿਗਿਆਨ ਨਾਲ ਸੰਬੰਧਿਤ ਮੁਫ਼ਤ ਕਿਤਾਬਾਂ ਵੰਡਣ ਦੀ ਮੁਹਿੰਮ ਨਿਰੰਤਰ ਚਲਾਈ ਜਾ ਰਹੀ ਹੈਲ ਇਸ ਮੌਕੇ ਇੰਜ.ਜਸਵੀਰ ਸਿੰਘ ਮੋਰੋਂ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਡਾਕਟਰ ਅਵਤਾਰ ਆਪਣੇ ਜੀਵਨ ਦੌਰਾਨ ਲੋਕ ਮਸਲਿਆਂ ਲਈ ਸੰਘਰਸ਼ ਕਰਦੇ ਰਹੇ ਲ ਉਨ੍ਹਾਂ ਨੂੰ ਕਿਤਾਬਾਂ ਪੜ੍ਹਨ ਦਾ ਵੀ ਸ਼ੌਂਕ



ਸੀਲਸਾਨੂੰ ਸਮੇਂ ਦੇ ਹਾਣੀ ਬਣਨ ਲਈ ਕਿਤਾਬਾਂ ਪੜ੍ਹਨ ਦੀ ਆਦਤ ਬਣਾ ਲੈਣੀ ਚਾਹੀਦੀ ਹੈ ਲ ਚੰਗਾ ਸਾਹਿਤ ਪੜ੍ਹਨ ਨਾਲ ਵਿਚਾਰਾਂ ਵਿੱਚ ਪ੍ਰਪੱਕਤਾ ਆਉਂਦੀ ਹੈ ਅਤੇ ਸਾਰਥਿਕ ਸੰਵਾਦ ਕਰਨ ਦੇ ਸਮਰੱਥ ਹੋ ਜਾਂਦੇ ਹਾਂ ਲ ਹਰੀ ਬਿਲਾਸ ਹੀਉਂ ਨੇ ਬੱਚਿਆਂ ਨੂੰ ਸਿਹਤ ਖੇਤਰ ਨਾਲ ਸੰਬੰਧਤ ਸਿੱਖਿਆ ਬਾਰੇ ਜਾਣਕਾਰੀ ਦਿੱਤੀ ਲਉਨ੍ਹਾਂ ਨੇ ਬੱਚਿਆਂ ਨੂੰ ਫਾਸਟ ਫੂਡ ਖਾਣ ਦੇ ਨੁਕਸਾਨ ਬਾਰੇ ਵੀ ਸੁਚੇਤ ਕੀਤਾ ਲਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਬਲਵੰਤ ਸਿੰਘ,ਸੁੱਚਾ ਰਾਮ,ਕਸ਼ਮੀਰੀ ਲਾਲ ਪੰਚ, ਇੰਜੀ.ਪਰਮਜੀਤ,ਦੇਸ ਰਾਜ, ਰਣਜੀਤ, ਅਧਿਆਪਕ ਗੁਰਦੀਪ ਸਿੰਘ, ਸੁਰਜੀਤ ਸਿੰਘ,ਕੇਵਲ ਸਿੰਘ,ਰਾਕੇਸ਼ ਕੁਮਾਰ,ਦਲਵੀਰ ਸਿੰਘ,ਸੁਰਜੀਤ ਲਾਲ ਆਦਿ ਹਾਜ਼ਰ ਰਹੇਲ ਪ੍ਰਿੰਸੀਪਲ ਰਾਣੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਵਿਵੇਕ ਵਿਕਾਸ ਲਹਿਰ ਬੰਗਾ ਵੱਲੋਂ ਮੁਫ਼ਤ ਕਿਤਾਬਾਂ ਵੰਡਣ ਦੀ ਇਸ ਨਵੀਂ ਪਿਰਤ ਦੀ ਸ਼ਲਾਘਾ ਕੀਤੀ ਅਤੇ ਸਮਾਗਮ ਵਿੱਚ ਸ਼ਾਮਲ ਹੋਏ ਡਾਕਟਰ ਅਵਤਾਰ ਦੇ ਪਰਿਵਾਰਕ ਮੈਂਬਰਾਂ ਅਤੇ ਹੋਰ ਹਾਜ਼ਰੀਨ ਦਾ ਧੰਨਵਾਦ ਕੀਤਾ।ਸਮੂਹ 178 ਵਿਦਿਆਰਥੀਆਂ ਨੂੰ ਪੁਸਤਕਾਂ ਦੀ ਵੰਡ ਕਰਕੇ ਸਮਾਗਮ ਦੀ ਸਮਾਪਤੀ ਕੀਤੀ ਗਈ।

# ਵਿਧਾਇਕ ਜਿੰਪਾ ਨੇ ਪਿੰਡ ਨੰਗਲ ਸ਼ਹੀਦਾਂ ‘ਚ ਖੇਡ ਮੈਦਾਨ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਵਲੋਂ ਪਿੰਡ ਨੰਗਲ ਸ਼ਹੀਦਾ ‘ਚ 28.46 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਅਤਿ-ਆਧੁਨਿਕ ਖੇਡ ਮੈਦਾਨ ਦੇ ਨਿਰਮਾਣ ਕਾਰਜ ਦੀ ਰਸਮੀ ਸ਼ੁਰੂਆਤ ਕੀਤੀ ਗਈ। ਇਹ ਪ੍ਰੋਜੈਕਟ ਪੇਂਡੂ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਅਤੇ ਉਨ੍ਹਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਵੱਲ ਇੱਕ ਇਤਿਹਾਸਕ ਕਦਮ ਸਾਬਤ ਹੋਵੇਗਾ। ਵਿਧਾਇਕ ਜਿੰਪਾ ਨੇ ਕਿਹਾ ਕਿ ਖੇਡ ਦੇ ਮੈਦਾਨ ਦੀ ਉਸਾਰੀ ਪਿੰਡ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਆਪਣੀ ਖੇਡ ਪ੍ਰਤਿਭਾ ਨੂੰ ਨਿਖਾਰਨ ਲਈ ਇੱਕ ਢੁਕਵਾਂ ਪਲੇਟਫਾਰਮ ਪ੍ਰਦਾਨ ਕਰੇਗੀ। ਉਨ੍ਹਾਂ ਕਿਹਾ ਕਿ ਇਸ ਮੈਦਾਨ ਵਿੱਚ ਕ੍ਰਿਕਟ ਪਿੱਚ, ਵਾਲੀਬਾਲ ਕੋਰਟ, ਰਨਿੰਗ ਟਰੈਕ, ਓਪਨ ਜਿੰਮ ਅਤੇ ਦਰਸ਼ਕਾਂ ਦੇ ਬੈਠਣ ਲਈ ਢੁਕਵੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ, ਤਾਂ ਜੋ ਪਿੰਡ ਅਤੇ ਆਸ



ਪਾਸ ਦੇ ਖੇਤਰ ਦੇ ਖਿਡਾਰੀ ਆਧੁਨਿਕ ਵਾਤਾਵਰਣ ਵਿੱਚ ਅਭਿਆਸ ਕਰ ਸਕਣ। ਜਿੰਪਾ ਨੇ ਇਹ ਵੀ ਸਪੱਸ਼ਟ ਕੀਤਾ ਕਿ ਪੰਜਾਬ ਸਰਕਾਰ ਪੇਂਡੂ ਖੇਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਜ਼ਿਲ੍ਹੇ ਦੇ ਹੋਰ ਪਿੰਡਾਂ ਵਿੱਚ ਵੀ ਇਸੇ ਤਰ੍ਹਾਂ ਦੀਆਂ ਖੇਡ ਸਹੂਲਤਾਂ ਦਾ ਵਿਸਥਾਰ ਕੀਤਾ ਜਾਵੇਗਾ। ਵਿਧਾਇਕ ਨੇ ਅਖੀਰ ਵਿੱਚ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਇਸ ਮੈਦਾਨ ਦੀ ਉਸਾਰੀ ਨਿਰਧਾਰਤ ਸਮੇਂ ਦੇ ਅੰਦਰ ਪੂਰੀ ਕੀਤੀ ਜਾਵੇਗੀ ਅਤੇ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਮਾਪਿਆਂ ਅਤੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਖੇਡਾਂ ਵਿੱਚ ਸ਼ਾਮਲ ਕਰਨ ਤਾਂ ਜੋ ਉਹ ਸਿਹਤਮੰਦ, ਅਨੁਸ਼ਾਸਿਤ ਅਤੇ ਆਤਮ-ਨਿਰਭਰ ਬਣ ਸਕਣ। ਇਸ ਪਹਿਲਕਦਮੀ ਪ੍ਰਤੀ ਪਿੰਡ ਵਾਸੀਆਂ ਵਿੱਚ ਵਿਸ਼ੇਸ਼ ਉਤਸ਼ਾਹ ਸੀ ਅਤੇ ਹਰ ਵਰਗ ਨੇ ਇਸ ਨੂੰ ਸਮਾਜਿਕ ਤਰੱਕੀ ਦਾ ਇੱਕ ਨਵਾਂ ਅਧਿਆਇ ਕਿਹਾ।




# ਪੰਜਾਬ ਵਿੱਚ ਬਿਜਲੀ ਦੇ ਬਿੱਲ ਅੱਜ ਵੀ ਅੰਗਰੇਜ਼ੀ ਵਿੱਚ ਹੀ ਆਉਂਦੇ ਨੇ ਜਦਕਿ ਸਰਕਾਰ ਕਹਿਦੀ ਐ ਕਿ ਪੰਜਾਬੀ ਵਿੱਚ?

**ਮਲੇਰ ਕੋਟਲਾ(ਕੁਲਵੰਤ ਸਿੰਘ ਮੁਹਾਲੀ)** ਸਾਡੇ ਪੰਜਾਬ ਦੀ ਮਾਂ ਬੋਲੀ ਤੇ ਸਰਕਾਰੀ ਬੋਲੀ ਪੰਜਾਬੀ ਹੈ ਅਸੀਂ ਸਾਰੇ ਪੰਜਾਬੀ ਵਿੱਚ ਬੋਲਦੇ ਹਾਂ ਤੇ



**ਪੰਜਾਬੀ ਪ੍ਰੇਮੀ ਰਮੇਸ਼ਵਰ ਸਿੰਘ**

ਪੰਜਾਬੀ ਵਿੱਚ ਪੜ੍ਹਦੇ ਹਾਂ ਪਰ ਸਰਕਾਰੀ ਅਦਾਰੇ ਹਾਲਾਂ ਵੀ ਕੰਮ ਅੰਗਰੇਜ਼ੀ ਵਿੱਚ ਕਰਦੇ ਹਨ ਪਤਾ ਨਹੀਂ ਉਹਨਾਂ ਨੂੰ ਪੰਜਾਬੀ ਪੜ੍ਹਨੀ ਜਾਂ ਲਿਖਣੀ ਆਉਂਦੀ ਨਹੀਂ ਜਾਂ ਪੰਜਾਬੀ ਬੋਲੀ ਨੂੰ ਪਸੰਦ ਨਹੀਂ ਕਰਦੇ ? ਮੇਰੇ ਨਾਲ ਪੰਜਾਬੀ ਭਾਸ਼ਾ ਪ੍ਰੇਮੀ ਰਮੇਸ਼ਵਰ ਸਿੰਘ ਨਾਲ ਇਸ ਵਿਸ਼ੇ ਤੇ ਗੱਲਬਾਤ ਹੋਈ ਤਾਂ ਉਹਨਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਕਈ ਵਿਭਾਗ ਪੰਜਾਬੀ ਵਿੱਚ ਪੂਰਨ ਰੂਪ ਵਿੱਚ ਕੰਮ ਨਹੀਂ ਕਰਦੇ। ਸਬੂਤ ਦੇ ਤੌਰ ਤੇ ਉਨ੍ਹਾਂ ਨੇ ਮੈਨੂੰ ਪਾਵਰ ਕਾਮ ਕਾਰਪੋਰੇਸ਼ਨ ਪੰਜਾਬ ਦੇ ਬਿਜਲੀ ਦੇ ਬਿਲ



PUNJAB STATE POWER CORPORATION LIMITED
Electricity Bill

Category: SAP-SBM-DS DOMESTIC FOR DPC-0 | Bill Cycle: 4 | Bill No: 5161 7597213
Connection Date: 26-Feb-1989 | Meter Status: N | Bill Status: AVERAGE | Meter Phase: 0 | Meter Type: | Meter Make: OTHERS | Meter Digits: 5 | Meter No: 2052930-0
Sanctioned Load: 2.25 KW | Contract Load: 0.00 KW
ACD: ₹ 640 | Meter Security: ₹ 0 | Security Cons. Amount: ₹ 640 | Interest of Security: ₹ 0
Bill Date: 09-NOV-2025 | Current Reading: 17753 | Previous Reading: 17178 | Current Reading Date: 09-NOV-2025 | Previous Reading Date: 24-Aug-2025 | Bill days: 77

Units Consumed: 575 | Current Bill (A+B+C-D+E+G+H): ₹ 0 | Previous Outstanding (F): ₹ 93 | Amount payable within one month of the due date: ₹ 91

| Units | Amount (₹) |
|---|---|
| 575 | 3289 |
| 0 | 0 |
| | |
| | 3289 |


Other Charges

| | |
|---|---|
| Rentals (C) (₹) | 59.03 |
| Subsidy (D) (₹) | 3690 |
| Fuel Cost Adj. Charges (E) (₹) | 0 |
| Previous Outstanding (F) (₹) | 93 |
| Additional Surcharge (G) (₹) | 0 |

Taxes/ Duty/ Cess (H)

| | |
|---|---|
| Electricity Duty (₹) | 0 |
| Municipal Tax (₹) | 0 |
| IDF (₹) | 0 |
| Cow Cess (₹) | 0 |

ਵਿਖਾਏ ਜੋ ਕਿ ਅੰਗਰੇਜ਼ੀ ਵਿੱਚ ਲਿਖੇ ਹੋਏ ਸਨ ਤੇ ਇਹ ਵੀ ਦੱਸਿਆ ਕਿ ਪੰਜਾਬ ਰਾਜ ਭਾਸ਼ਾ ਸੋਧ ਬਿਲ-2008 ਦੇ ਅਧੀਨ ਪੰਜਾਬ ਦੇ ਵਿੱਚ ਕੋਈ ਵੀ ਸਰਕਾਰੀ ਜਾਂ ਅਰਧ ਸਰਕਾਰੀ ਅਦਾਰਾ ਮੌਜੂਦ ਹੋਵੇ ਉਸ ਨੂੰ ਆਪਣਾ ਸਾਰਾ ਕੰਮ ਪੰਜਾਬੀ ਵਿੱਚ ਕਰਨਾ ਕਾਨੂੰਨੀ ਤੌਰ ਤੇ ਲਾਜ਼ਮੀ ਹੈ। ਬਿਜਲੀ ਦੇ ਬਿਲਾਂ ਨੂੰ ਲੈ ਕੇ ਉਹਨਾਂ ਨੇ ਦੱਸਿਆ ਕਿ ਮੈਂ ਇਸ ਸਬੰਧੀ ਚਿੱਠੀ ਨਿਰਦੇਸ਼ਕ ਭਾਸ਼ਾ ਵਿਭਾਗ ਪੰਜਾਬ ਨੂੰ ਲਿਖੀ ਉਹਨਾਂ ਨੇ ਉਹ ਚਿੱਠੀ ਪਾਵਰ ਕਾਮ ਕਾਰਪੋਰੇਸ਼ਨ ਪੰਜਾਬ ਨੂੰ ਭੇਜ ਦਿੱਤੀ ਮੈਨੂੰ ਇਹ ਚਿੱਠੀ ਵਿੱਚ ਲਿਖ ਕੇ ਭੇਜਿਆ। ਜਦ ਕਿ ਉਪਰੋਕਤ ਕਾਨੂੰਨ ਦੀ ਧਾਰਾ ਅੱਠ ਵਿੱਚ ਲਿਖਿਆ ਹੋਇਆ ਹੈ ਕਿ ਜਦੋਂ ਵੀ ਕੋਈ ਵਿਭਾਗ ਪੰਜਾਬੀ ਵਿੱਚ ਸਹੀ ਰੂਪ ਵਿੱਚ ਕੰਮ ਨਹੀਂ ਕਰਦਾ ਤਾਂ ਇਸ ਧਾਰਾ ਦੇ ਅਧੀਨ ਭਾਸ਼ਾ ਵਿਭਾਗ ਪੰਜਾਬ ਦੇ ਅਧਿਕਾਰੀ ਸਾਰਾ ਕੰਮਕਾਰ ਦਫਤਰਾਂ ਵਿੱਚ ਜਾ ਕੇ ਦੇਖ ਕੇ ਆਪਣੀਆਂ ਸਰਕਾਰੀ ਹਦਾਇਤਾਂ ਅਨੁਸਾਰ ਪੰਜਾਬੀ ਵਿੱਚ ਕੰਮ ਕਰਾਉਂਦੇ ਹਨ ਪਰ ਉਹਨਾਂ ਦੀ ਚਿੱਠੀ ਉੱਤੇ ਕੋਈ ਸਹੀ ਕਾਰਵਾਈ ਨਾ ਹੁੰਦੀ ਵੇਖ ਕੇ ਉਹਨਾਂ ਨੇ ਆਪਣੀ ਟੀਮ ਪੰਜਾਬ ਭਾਸ਼ਾ ਪਸਾਰ ਭਾਈਚਾਰਾ ਨਾਲ ਗੱਲਬਾਤ ਕਰਕੇ ਆਪਣੇ ਵਕੀਲ ਮੈਂਬਰ ਸ੍ਰੀਮਾਨ ਨਿਖਿਲ ਥੰਮਣ ਨੂੰ



PUNJAB STATE POWER CORPORATION LIMITED
REGD. OFF PSEB HEAD OFF
THE MALL, PATIALA-147001
WEBSITE : www.pspcl.in
COMPLAINT CENTER NO : 1912
WHATSAPP NO : 96461-01912
Email: 1912@pspcl.in
CIN NO
U40109PB2010SGC033813
GSTIN No. 03AAFCP5120Q1ZC
SUB DIV.NAME & CODE
SUB DIVISION UNIT-1(2112)
DIV: CITY CENTRAL SPECIAL DIVISION LUDHIANA
ACCOUNT NO : 3001712643
OLD ACCOUNT NO: E41IF000087A
CONSUMER NAME & ADDRESS
DAVINDER SINGH
1 ST.NO.2 GND NAGAR | GURU NANAK D
CONSUMER GST NO:0
BILL NO:500421135208
DATE :04-Oct-2025 13:07
BILL GRP:8 BILL CYC:07
FD CD:DE12F16L
DUE DATE

ਕਾਨੂੰਨ ਅਨੁਸਾਰ ਕਾਰਵਾਈ ਕਰਨ ਲਈ ਕਿਹਾ ਉਹ ਆਪਣੇ ਸਾਰੇ ਸਬੂਤਾਂ ਸਮੇਤ ਮਾਨਯੋਗ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਗਏ ਅਤੇ ਇੱਕ ਮਹੀਨੇ ਦੀ ਕਨੂੰਨੀ ਕਾਰਵਾਈ ਦੇ ਅਧੀਨ ਮਾਨਯੋਗ ਹਾਈਕੋਰਟ ਨੇ ਪਾਵਰ ਕਾਮ ਕਾਰਪੋਰੇਸ਼ਨ ਨੂੰ ਪੰਜਾਬੀ ਵਿੱਚ ਬਿਲ ਪੱਕੇ ਤੌਰ ਤੇ ਦੇਣ ਦਾ ਹੁਕਮ ਦੇ ਦਿੱਤਾ। ਕਾਨੂੰਨ ਦੀ ਗੱਲ ਹਰ ਇੱਕ ਨੂੰ ਮੰਨਣੀ ਪੈਂਦੀ ਹੈ ਬਿਜਲੀ ਦੇ ਬਿਲ ਪੰਜਾਬੀ ਵਿੱਚ ਆਉਣ ਲੱਗ ਗਏ ਪਰ ਦੋ ਮਹੀਨੇ ਬਾਅਦ ਆਪਣੀ ਪੰਜਾਬੀ ਦੀ ਕਹਾਵਤ ਹੈ *ਪੰਚਾਂ ਦਾ ਕਿਹਾ ਸਿਰ ਮੱਥੇ ਪਰਨਾਲਾ ਉਥੇ ਦਾ ਉਥੇ*ਬਹੁਤ ਸਾਰੀਆਂ ਥਾਵਾਂ ਤੇ ਬਿੱਲ ਅੰਗਰੇਜ਼ੀ ਵਿੱਚ ਆਉਣ ਲੱਗ ਗਏ, ਰਮੇਸ਼ਵਰ ਸਿੰਘ ਨੇ ਬਿਲਾਂ ਦੀਆਂ ਕਾਪੀਆਂ ਸਮੇਤ ਈਮੇਲ ਰਾਹੀਂ ਚਿੱਠੀ ਨਿਰਦੇਸ਼ਕ ਸਰਦਾਰ ਜਸਵੰਤ ਸਿੰਘ ਭਾਸ਼ਾ ਵਿਭਾਗ ਪੰਜਾਬ ਨੂੰ ਭੇਜ ਦਿੱਤੀ। ਉਹਨਾਂ ਨੇ ਦੱਸਿਆ ਕਿ ਚਿੱਠੀ ਭੇਜੀ ਨੂੰ ਦੋ ਮਹੀਨੇ ਹੋ ਗਏ ਬਹੁਤ ਵਾਰ ਇਹੋ ਚਿੱਠੀ 10, 15 ਵਾਰ ਫੇਰ ਉਨ੍ਹਾਂ ਨੂੰ ਭੇਜ ਚੁੱਕੇ ਹਨ। ਚਿੱਠੀ ਦਾ ਜਵਾਬ ਨਾ ਮਿਲਣ ਤੇ ਸਕੱਤਰ ਉੱਚ ਸਿੱਖਿਆ ਵਿਭਾਗ ਨੂੰ ਵੀ ਬਹੁਤ ਵਾਰ ਚਿੱਠੀ ਲਿਖੀ ਗਈ ਪਰ ਕਿਸੇ ਵੱਲੋਂ ਵੀ ਹੁਣ ਤੱਕ ਕੋਈ ਜਵਾਬ ਨਹੀਂ ਆਇਆ ਕਹਿੰਦੇ ਫਿਰ ਕੰਮ ਕੀ ਹੋਇਆ ਹੋਵੇਗਾ? ਉਨਾਂ ਨੇ ਸਬੂਤ ਦੇ ਤੌਰ ਤੇ ਅੰਗਰੇਜ਼ੀ ਵਿੱਚ ਆਏ ਬਿਜਲੀ ਦੇ ਬਿਲ ਵਿਖਾਉਂਦੇ ਹੋਏ ਕਿਹਾ ਕਿ ਪਾਵਰ ਕਾਮ ਕਾਰਪੋਰੇਸ਼ਨ ਪੰਜਾਬ ਵਿੱਚ ਸਹੀ ਰੂਪ ਵਿੱਚ ਪੰਜਾਬ ਰਾਜ ਭਾਸ਼ਾ ਸੋਧ ਬਿਲ 2008 ਅਨੁਸਾਰ ਕੰਮ ਨਹੀਂ ਹੋ ਰਿਹਾ। ਉਹਨਾਂ ਨੂੰ ਸਭ ਤੋਂ ਵੱਡਾ ਰੋਸ਼ ਭਾਸ਼ਾ ਵਿਭਾਗ ਪੰਜਾਬ ਨਾਲ ਹੈ ਜਿਨਾਂ ਨੇ ਕਿ ਪੰਜਾਬੀ ਦਾ ਪ੍ਰਚਾਰ ਤੇ ਪਸਾਰ ਕਰਨਾ ਹੈ ਉਹ ਕਹਿੰਦੇ ਮੈਂ ਅਜਿਹੇ ਮਾਮਲਿਆਂ ਨੂੰ ਲੈ ਕੇ ਸੈਂਕੜੇ ਚਿੱਠੀਆਂ ਨਿਰਦੇਸ਼ਕ ਭਾਸ਼ਾ ਵਿਭਾਗ ਪੰਜਾਬ ਨੂੰ ਲਿਖ ਚੁੱਕਿਆ ਹਾਂ ਚਿੱਠੀ ਦਾ ਜਵਾਬ ਹਾੜੀ ਸੌਣੀ ਕਦੇ ਕਦੇ ਮਿਲ ਜਾਂਦਾ ਹੈ ਪਰ ਪੂਰਨ ਰੂਪ ਵਿੱਚ ਕੰਮ ਪੰਜਾਬੀ ਵਿੱਚ ਨਹੀਂ ਹੁੰਦਾ। ਅਖੀਰ ਵਿੱਚ ਉਹਨਾਂ ਨੇ ਸਕੱਤਰ ਉੱਚ ਸਿੱਖਿਆ ਵਿਭਾਗ ਤੇ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਕਿ ਕਿ ਤੁਰੰਤ ਬਿਜਲੀ ਦੇ ਬਿਲ ਪੂਰਨ ਰੂਪ ਵਿੱਚ ਪੰਜਾਬੀ ਵਿੱਚ ਕਰਵਾਓ ਤਾਂ ਜੋ ਪੰਜਾਬ ਵਾਸੀਆਂ ਨੂੰ ਆਪਣੇ ਬਿਲ ਸਮਝ ਆਉਣ ਤੇ ਸਾਡੀ ਮਾਂ ਬੋਲੀ ਪੰਜਾਬੀ ਦਾ ਮਾਣ ਬਣਿਆ ਰਹੇ।

### ਕੀ ਕਹਿਣਾ ਭਾਸ਼ਾ ਵਿਭਾਗ ਦੇ ਨਿਰਦੇਸ਼ਕ ਜਸਵੰਤ ਸਿੰਘ ਜ਼ਫ਼ਰ ਦਾ

ਇਸ ਸਬੰਧੀ ਜਦੋਂ ਭਾਸ਼ਾ ਵਿਭਾਗ ਪੰਜਾਬ ਦੇ ਨਿਰਦੇਸ਼ਕ ਜਸਵੰਤ ਸਿੰਘ ਜ਼ਫ਼ਰ ਨਾਲ ਗੱਲ ਕਰਕੇ ਉਨ੍ਹਾਂ ਦਾ ਪੱਖ ਜਾਣਿਆ ਤਾਂ ਉਨ੍ਹਾਂ ਕਿਹਾ ਕਿ ਪੰਜਾਬ ਚ ਲੋਕਾਂ ਨੂੰ ਬਿਜਲੀ ਦੇ ਬਿਲ ਹੁਣ ਪੰਜਾਬੀ ਵਿੱਚ ਆ ਰਹੇ ਹਨ। ਉਨ੍ਹਾਂ ਕਿਹਾ ਕੀ ਪੰਜਾਬ ਦੇ ਸਾਰੇ ਮਹਿਕਮਿਆਂ ਨੂੰ ਲਿਖਤੀ ਰੂਪ ਵਿੱਚ ਚਿੱਠੀਆਂ ਭੇਜ ਕੇ ਪੰਜਾਬੀ ਭਾਸ਼ਾ ਨੂੰ ਇੰਨ ਬਿੰਨ ਲਾਗੂ ਕਰਨ ਲਈ ਕਿਹਾ ਗਿਆ ਹੈ। ਜਦਕਿ ਅਸਲ ਸਚਾਈ ਲੋਕਾਂ ਦੇ ਸਾਹਮਣੇ ਹੈ ਕਿਉਕਿ ਪੰਜਾਬ ਚ ਹੁਣ ਵੀ ਬਿਜਲੀ ਦੇ ਬਿਲ ਅੰਗਰੇਜ਼ੀ ਵਿੱਚ ਹੀ ਆ ਰਹੇ ਹਨ।

# ਵੈਦ ਦੀ ਕਲਮ ਤੋਂ/ (ਕੈਲਸ਼ੀਅਮ ਦੀ ਘਾਟ ਲਈ)

ਕੈਲਸ਼ੀਅਮ ਦੀ ਘਾਟ ਵੀ ਅੱਜਕਲ ਬਹੁਤ ਲੋਕਾਂ ਵਿਚ ਆਮ ਹੀ ਪਾਈ ਜਾਂਦੀ ਹੈ। ਕਾਰਨ ਉਹੀ, ਪੁਰਾਣੀਆਂ ਖੁਰਾਕਾਂ ਤਿਆਗ ਕੇ ਨਵੇਂ ਨਵੇਂ ਸਵਾਦਾਂ ਮਗਰ ਭੱਜਣਾ।

ਪੁਰਾਣੇ ਮੇਰੇ ਜਿਹੇ ਸਭ ਲੋਕ ਜਾਣਦੇ ਕਿ ਲੋਹੜੀ ਦੇ ਦਿਨਾਂ ਵਿੱਚ ਹਰ ਘਰ ਵਿਚ ਗੁੜ ਅਤੇ ਭੁੰਨੇ ਹੋਏ ਅਨਾਜ ਨਾਲ ਜਿਹੜੀਆਂ ਚੀਜ਼ਾਂ ਬਣਦੀਆਂ, ਉਹਨਾਂ ਨੂੰ ਮਰੂੰਡਾ, ਭੂਤ ਪਿੰਨੇ ਵਗੈਰਾ ਕਿਹਾ ਜਾਂਦਾ ਸੀ। ਉਹ ਭੁੰਨੀ ਹੋਈ ਮੱਕੀ, ਛੋਲੇ, ਜਵਾਰ, ਬਾਜਰਾ ਤੇ ਤਿਲਾਂ ਦੇ ਹੁੰਦੇ ਸਨ। ਜਿਸ ਕਰਕੇ ਸਾਨੂੰ ਕੋਈ ਕਮਜੋਰੀ ਜਾ ਕਿਸੇ ਚੀਜ਼ ਦੀ ਘਾਟ ਨਹੀਂ ਹੁੰਦੀ ਸੀ।

**ਇਲਾਜ ਕਿਵੇਂ ਕਰੀਏ?**

ਸਫੈਦ ਤਿਲ ਅਤੇ ਦੁੱਧ ਕੈਲਸ਼ੀਅਮ ਦੇ ਘਰ ਹਨ। ਸਫੈਦ ਤਿਲ ਲਵੋ। ਉਹਨਾਂ ਨੂੰ ਜਿਆਦਾ ਬਰੀਕ ਨਾ ਕੁੱਟ ਕੇ ਦਰੜ ਜਿਹੇ ਕਰ ਲਵੋ।

ਫਿਰ ਸਵੇਰੇ ਸ਼ਾਮ ਇੱਕ ਚਮਚ ਤਿਲ, ਠੰਢੇ ਦੁੱਧ ਨਾਲ ਲਵੋ। ਬੜੀ ਛੇਤੀ ਕੈਲਸ਼ੀਅਮ ਪੂਰਾ ਹੋਵੇਗਾ ਤੇ ਸਰੀਰ ਨੂੰ ਵਧੀਆ ਤਾਕਤ ਮਿਲੇਗੀ। ਕਿਉਂਕਿ ਕੈਲਸ਼ੀਅਮ ਦੀ ਘਾਟ ਨੂੰ ਪੂਰਾ ਕਰਨ ਲਈ ਅਸੀਂ ਜਿਹੜੀਆਂ ਗੋਲੀਆਂ ਖਾਂਦੇ ਹਾਂ। ਉਹ ਬਾਅਦ ਵਿਚ ਸਾਡੇ ਸਰੀਰ ਨੂੰ ਨੁਕਸਾਨ ਹੀ ਪਹੁੰਚਾਉਂਦੀਆਂ ਨੇ।

ਨੋਟ, ਤਿਲ ਅਤੇ ਖ਼ਸਖ਼ਸ ਵੀ ਮਿਲਾ ਕੇ ਖ਼ਾ ਸਕਦੇ ਹੋ। ਸਰੀਰ ਨੂੰ ਤਾਕਤ ਮਿਲੇਗੀ, ਠੰਢ ਵਿੱਚ ਸਰੀਰ ਗਰਮ ਰਹੇਗਾ। ਸਰਦੀ ਜੁਕਾਮ ਵਗੈਰਾ ਤੋਂ ਬਚੇ ਰਹੋਗੇ।

ਤੁਹਾਡੀ ਚੰਗੀ ਸਿਹਤ ਦੀ ਹਮੇਸ਼ਾ ਕਾਮਨਾ ਕਰਨ ਵਾਲਾ

ਤੁਹਾਡਾ ਆਪਣਾ



**ਵੈਦ ਬਲਵਿੰਦਰ ਸਿੰਘ ਉਰਫ਼ ਬਾਬਾ ਬਲੈਂਡਰ ਦਾਸ ਜੀ ਵਿੰਨੀਪੈਗ ਵਾਲੇ**
+14312932265

# ਥਾਣੇਦਾਰ ਗੁਰਦਿਆਲ ਸਿੰਘ ਨੇ ਡਿਊਟੀ ਦੌਰਾਨ ਦੁਨੀਆਂ ਨੂੰ ਅਲਵਿਦਾ ਆਖਿਆ

## ਇਕਲੌਤੀ ਬੇਟੀ ਨੇ ਪਿਤਾ ਦੀ ਅਰਥੀ ਨੂੰ ਮੋਢਾ ਦੇਣ ਉਪਰੰਤ ਦਿੱਤੀ ਚਿਖਾ ਨੂੰ ਅਗਨੀ







**ਸੜੋਆ (ਸਤਨਾਮ ਸਿੰਘ ਸਹੂੰਗੜਾ)** ਥਾਣੇਦਾਰ ਗੁਰਦਿਆਲ ਸਿੰਘ ਪੁੱਤਰ ਚਰਨ ਦਾਸ ਵਾਸੀ ਸਹੂੰਗੜਾ ਜੋ ਕਿ ਆਪਣੀ ਆਖ਼ਰੀ ਡਿਊਟੀ ਸਿੱਖ ਕੌਮ ਦੇ ਮੱਕਾ ਕਹੇ ਜਾਣ ਵਾਲੇ ਪਵਿੱਤਰ ਅਸਥਾਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਨਿਭਾ ਰਹੇ ਸਨ। ਇਸ ਰੰਗਲੀ ਦੁਨੀਆਂ ਨੂੰ ਅੱਜ ਸਦਾ ਲਈ ਅਲਵਿਦਾ ਆਖ ਗਏ ਹਨ। ਪੰਜਾਬ ਸਰਕਾਰ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਤੇ ਸੁਰੱਖਿਆ ਦੇ ਮੱਦੇਨਜ਼ਰ ਪੁਲਿਸ ਜਵਾਨਾਂ ਦੀਆਂ ਡਿਊਟੀਆਂ ਲੱਗੀਆਂ ਹੋਣ ਕਰਕੇ ਥਾਣੇਦਾਰ ਗੁਰਦਿਆਲ ਸਿੰਘ ਵੀ ਤਿੰਨ ਦਿਨ ਪਹਿਲਾਂ ਘਰੋਂ 6 ਵਜੇ ਸਵੇਰੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪਣਾ ਫਰਜ਼ ਨਿਭਾਉਣ ਚਲਾ ਗਿਆ। ਪਰ ਉਸ ਨੂੰ ਇਹ ਨਹੀਂ ਸੀ ਪਤਾ, ਕਿ ਇਹ ਸਫ਼ਰ ਤੇ ਉਸਦੀ ਇਹ ਆਖਰੀ ਡਿਊਟੀ ਹੋਵੇਗੀ। ਥਾਣੇਦਾਰ ਗੁਰਦਿਆਲ ਸਿੰਘ ਦੀ ਡਿਊਟੀ ਬਾਬਾ ਜੀਵਨ ਸਿੰਘ ਗੁਰਦੁਆਰਾ ਸਾਹਿਬ ਦੇ ਨੇੜੇ ਲੱਗੀ ਹੋਈ ਸੀ। ਸਾਥੀ ਮੁਲਾਜ਼ਮਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਏ ਐਸ ਆਈ ਗੁਰਦਿਆਲ ਸਿੰਘ ਨੇ ਡਿਊਟੀ ਦੌਰਾਨ ਖੁਦ ਨੂੰ ਥੋੜੀ ਜਿਹੀ ਘਬਰਾਹਟ ਹੋਣ ਵਾਰੇ ਦੱਸਿਆ। ਤਦ ਤੁਰੰਤ ਉਹਨਾਂ ਨੂੰ ਸਾਥੀ ਮੁਲਾਜ਼ਮਾਂ ਵਲੋਂ ਐਬੂਲੈਂਸ ਰਾਹੀਂ ਨੇੜਲੇ ਹਸਪਤਾਲ ਲਿਜਾਇਆ ਗਿਆ। ਜਿੱਥੇ ਥਾਣੇਦਾਰ ਗੁਰਦਿਆਲ ਸਿੰਘ ਨੂੰ ਜਬਰਦਸਤ ਲਗਾਤਾਰ ਤਿੰਨ ਅਟੈਕ ਆਉਣ ਨਾਲ ਡਾਕਟਰਾਂ ਵਲੋਂ ਉਸਦੀ ਕੀਮਤੀ ਜਾਨ ਨੂੰ ਬਚਾਉਣਾ ਮੁਸ਼ਕਿਲ ਹੋ ਗਿਆ। ਡਾਕਟਰਾਂ ਦੀਆਂ ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਥਾਣੇਦਾਰ ਗੁਰਦਿਆਲ ਸਿੰਘ ਇਸ ਰੰਗਲੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਿਆ। ਗੁਰਦਿਆਲ ਸਿੰਘ ਦੇ ਚਾਚਾ ਸਰਦਾਰ ਸੁੱਚਾ ਸਿੰਘ ਰਿਟਾਇਰਡ ਥਾਣੇਦਾਰ ਨੇ ਦੱਸਿਆ ਕਿ ਗੁਰਦਿਆਲ ਸਿੰਘ ਸਨ 1992 ਵਿੱਚ ਪੰਜਾਬ ਆਰਮਡ ਪੁਲਿਸ ਵਿੱਚ ਜਲੰਧਰ ਵਿਖੇ ਭਾਰਤੀ ਹੋਇਆ ਸੀ। ਇਸ ਦੀ ਡਿਊਟੀ ਜਿਆਦਾਤਰ ਚੰਡੀਗੜ੍ਹ ਵਿਖੇ ਹੀ ਰਹੀ ਸੀ। ਥਾਣੇਦਾਰ ਗੁਰਦਿਆਲ ਸਿੰਘ ਦੇ ਪਰਿਵਾਰ ਵਿੱਚ ਪਤਨੀ ਭੁਪਿੰਦਰ ਕੌਰ ਤੋਂ ਇਲਾਵਾ ਸਿਰਫ ਬੇਟੀ ਰੂਬੀ ਹੀ ਹੈ। ਜੋ ਕੁਝ ਸਮਾਂ ਪਹਿਲਾਂ ਹੀ ਕਨੇਡਾ ਵਿਖੇ ਉਜਵੱਲ ਭਵਿੱਖ ਦੀ ਤਮੰਨਾ ਲੈ ਕੇ ਬੜੇ ਚਾਵਾਂ ਨਾਲ ਗਈ ਸੀ, ਨੂੰ ਕੀ ਪਤਾ ਸੀ ਕਿ ਉਸ ਨੂੰ ਬਹੁਤੇ ਚਾਵਾਂ ਨਾਲ ਤੋਰਨ ਵਾਲਾ ਉਸਦੇ ਆਉਣ ਵਾਲੇ ਭਵਿੱਖ ਨੂੰ ਸ਼ਿੰਗਾਰਨ ਵਾਲਾ ਉਸਦਾ ਬਾਬਲ ਉਸ ਨੂੰ ਇਸ ਤਰੀਕੇ ਨਾਲ ਵਾਪਸ ਆਪਣੇ ਕੋਲ ਬੁਲਾਏਗਾ। ਖੈਰ ਅੱਜ ਬੇਟੀ ਦੇ ਵਾਪਸ ਆਉਣ ਤੇ ਥਾਣੇਦਾਰ ਗੁਰਦਿਆਲ ਸਿੰਘ ਦਾ ਅੰਤਿਮ ਸੰਸਕਾਰ ਕੀਤਾ ਗਿਆ। ਬੇਟੀ ਵੱਲੋਂ ਪਿਤਾ ਦੀ ਅਰਥੀ ਨੂੰ ਮੋਢਾ ਦਿੱਤਾ ਗਿਆ। ਪਿੰਡ ਸਹੂੰਗੜਾ ਦੇ ਸ਼ਮਸ਼ਾਨ ਘਾਟ ਵਿਖੇ ਪੰਜਾਬ ਪੁਲਿਸ ਦੀ ਟੁਕੜੀ ਵੱਲੋਂ ਥਾਣੇਦਾਰ ਗੁਰਦਿਆਲ ਸਿੰਘ ਦੀ ਮਿਰਤਕ ਦੇਹ ਨੂੰ ਸਲਾਮੀ ਦਿੱਤੀ ਗਈ ਉਪਰੰਤ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਅੰਤਿਮ ਸੰਸਕਾਰ ਸਮੇਂ ਸਰਪੰਚ ਹਰਭਜਨ ਸਿੰਘ, ਪੰਚ ਕੁਲਦੀਪ ਸਿੰਘ, ਪੰਚ ਰਸ਼ਪਾਲ ਸਿੰਘ, ਨੰਬਰਦਾਰ ਸਤਨਾਮ ਸਿੰਘ ਖੇਲਾ, ਨੰਬਰਦਾਰ ਓਮ ਪ੍ਰਕਾਸ਼ ਸਿੰਘ, ਨੰਬਰਦਾਰ ਮੁਖਤਿਆਰ ਸਿੰਘ, ਪੰਚ ਗੁਰਪਾਲ ਕੌਰ, ਜਥੇਦਾਰ ਬਗੀਚਾ ਸਿੰਘ, ਏ ਐਸ ਆਈ ਸੁਰਜੀਤ ਸਿੰਘ ਸਹੂੰਗੜਾ, ਹਰਦੀਪ ਸਿੰਘ, ਜਸਵਿੰਦਰ ਕਲੇਰ, ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ, ਆਪ ਪਾਰਟੀ ਦੇ ਬਲਾਕ ਪ੍ਰਧਾਨ ਸਤਨਾਮ ਸਹੂੰਗੜਾ, ਗੁਰਚੈਨ ਬੇਗਮਪੁਰ, ਠੇਕੇਦਾਰ ਦਿਲਬਾਗ ਸਿੰਘ, ਰਾਮ ਸਰੂਪ, ਪੰਚ ਅਜੀਤਪਾਲ ਸਿੰਘ ਖੇਲਾ, ਸੰਤੋਖ ਸਿੰਘ ਖੇਲਾ, ਹਰਨੇਕ ਸਿੰਘ ਖੇਲਾ, ਪ੍ਰੀਤਮ ਸਿੰਘ, ਚੌਂਕੀਦਾਰ ਜਸਵਿੰਦਰ ਕੁਮਾਰ, ਲਖੀਆ, ਕੁਲਵਿੰਦਰ ਕੁਮਾਰ, ਵੱਡੀ ਗਿਣਤੀ ਵਿਚ ਪਿੰਡ ਵਾਸੀ ਤੇ ਰਿਸ਼ਤੇਦਾਰ, ਮਿੱਤਰ ਸੱਜਣਾਂ ਤੋਂ ਇਲਾਵਾ ਪੁਲਿਸ ਵਿਭਾਗ ਦੇ ਸੀਨੀਅਰ ਅਧਿਕਾਰੀ ਤੇ ਹੋਰ ਮੁਲਾਜ਼ਮ ਵੀ ਹਾਜ਼ਰ ਸਨ।

# ਸ਼ਬਦਾਂ ਦੇ ਅੰਤ ਵਿਚ ਆਮ ਤੌਰ 'ਤੇ ਊੜੇ ਦਾ ਮੂੰਹ ਖੁੱਲ੍ਹਾ ਹੀ ਰੱਖਿਆ ਜਾਣਾ ਹੈ

ਉਪਰੋਕਤ ਕੋਸ਼ ਦੇ ਵਿਆਕਰਨਿਕ ਨਿਯਮਾਂ ਅਨੁਸਾਰ ਜੇਕਰ ਕਿਸੇ ਵੀ ਸ਼ਬਦ ਦੇ ਅੰਤ ਵਿੱਚ ਊੜਾ ਅੱਖਰ ਲੱਗਿਆ ਹੋਵੇ ਤਾਂ ਕੇਵਲ ਚਾਰ ਸ਼ਬਦਾਂ: "ਇਉਂ, ਕਿਉਂ, ਜਿਉਂ,ਤਿਉਂ" ਨੂੰ ਛੱਡ ਕੇ ਬਾਕੀ ਸਾਰੇ ਸ਼ਬਦਾਂ ਦੇ ਅੰਤ ਵਿੱਚ ਆਏ ਊੜੇ ਦਾ ਮੂੰਹ ਖੁੱਲ੍ਹਾ ਹੀ ਰੱਖਣਾ ਹੈ, ਭਾਵੇਂ ਉਹਨਾਂ ਸ਼ਬਦਾਂ ਦੇ ਅੰਤ ਵਿੱਚ ਲੱਗੇ ਊੜੇ ਦੀ ਅਵਾਜ਼ ਹੋੜੇ ਦੀ ਹੋਵੇ ਤੇ ਭਾਵੇਂ ਔਂਕੜ ਦੀ; ਜਿਵੇਂ: ਖਾਓ,ਪੀਓ, ਆਓ, ਜਾਓ, ਲਓ, ਦਿਓ, ਘਿਓ, ਕਿਤਿਓਂ, ਵਾਟਿਓਂ, ਵਾਂਢਿਓਂ, ਖੱਬਿਓਂ, ਸੱਜਿਓਂ, ਥੱਲਿਓਂ, ਥੈਲਿਓਂ, ਅੰਬਾਲ਼ਿਓਂ, ਮੁਹਾਲ਼ੀਓਂ, ਫਗਵਾੜਿਓਂ, ਪਟਿਆਲ਼ਿਓਂ, ਲੁਧਿਆਣਿਓਂ ਆਦਿ।

ਦੇਖਣ ਵਿੱਚ ਆਇਆ ਹੈ ਕਿ ਜਗਰਾਓਂ ਅਤੇ ਸਮਾਓਂ ਸ਼ਬਦ ਵਰਤਣ ਵੇਲ਼ੇ ਬਹੁਤੇ ਸੱਜਣ ਅਜੇ ਵੀ ਇਹਨਾਂ ਸ਼ਹਿਰਾਂ ਦੇ ਨਾਂ ਪੁਰਾਤਨ ਰਵਾਇਤਾਂ ਅਨੁਸਾਰ ਅਰਥਾਤ ਊੜੇ ਨੂੰ ਔਂਕੜ ਪਾ ਕੇ ਹੀ ਲਿਖ ਰਹੇ ਹਨ ਜੋਕਿ ਅਜੋਕੇ ਵਿਆਕਰਨਿਕ ਨਿਯਮਾਂ ਅਨੁਸਾਰ ਪੂਰੀ ਤਰ੍ਹਾਂ ਨਾ਼ਲ ਗ਼ਲਤ ਹੈ। ਇਹ ਤਾਂ ਹੋ ਸਕਦਾ ਹੈ ਕਿ ਸਰਕਾਰ ਦੁਆਰਾ ਇਹਨਾਂ ਸ਼ਹਿਰਾਂ ਦੇ ਨਾਂਵਾਂ ਦੀ ਨੋਟੀਫ਼ਿਕੇਸ਼ਨ ਹੀ ਪੁਰਾਤਨ ਰਵਾਇਤਾਂ ਅਨੁਸਾਰ (ਊੜੇ ਨੂੰ ਔਂਕੜ ਪਾ ਕੇ) ਅਰਥਾਤ ਗਲਤ ਢੰਗ ਨਾ਼ਲ ਹੋਈ ਹੋਵੇ ਪਰ ਅਜੋਕੇ ਨਿਯਮਾਂ ਅਨੁਸਾਰ ਸਾਨੂੰ ਅਜਿਹੇ ਸ਼ਹਿਰਾਂ ਦੇ ਨਾਂ ਊੜੇ ਦਾ ਮੂੰਹ ਖੁੱਲ੍ਹਾ ਰੱਖ ਕੇ ਹੀ ਲਿਖਣੇ ਚਾਹੀਦੇ ਹਨ ਤੇ ਜਾਰੀ ਹੋਏ ਨੋਟੀਫ਼ਿਕੇਸ਼ਨਾਂ ਵਿੱਚ ਸੋਧ ਕਰਵਾਉਣ ਦੇ ਉਪਰਾਲੇ ਵੀ ਨਾ਼ਲੋ-ਨਾ਼ਲ ਜਾਰੀ ਰੱਖਣੇ ਚਾਹੀਦੇ ਹਨ। ਅਸੀਂ ਆਪਣੇ ਵਿਦਿਆਰਥੀ-ਜੀਵਨ ਸਮੇਂ ਦੇਖਦੇ ਰਹੇ ਹਾਂ ਕਿ ਸਰਕਾਰ ਵੱਲੋਂ ਦੁਰਘਟਨਾਵਾਂ ਤੋਂ ਬਚਣ ਲਈ ਸੜਕਾਂ ਦੇ ਕਿਨਾਰਿਆਂ 'ਤੇ ਲੱਗੇ ਬੋਰਡਾਂ ਉੱਤੇ ਆਮ ਤੌਰ 'ਤੇ ਊੜੇ ਨੂੰ ਔਂਕੜ ਪਾ ਕੇ ਲਿਖਿਆ ਹੁੰਦਾ ਸੀ: "ਬਚਾਉ ਵਿੱਚ ਹੀ ਬਚਾਉ ਹੈ" ਜਾਂ "ਬਚਾਓ ਵਿੱਚ ਹੀ ਬਚਾਓ ਹੈ" ਪਰ ਹੁਣ ਇਹਨਾਂ ਹੀ ਬੋਰਡਾਂ ਉੱਤੇ ਨਵੇਂ ਵਿਆਕਰਨਿਕ ਨਿਯਮਾਂ ਅਨੁਸਾਰ ਸ਼ੁੱਧ ਪੰਜਾਬੀ ਵਿੱਚ ਲਿਖਿਆ ਹੁੰਦਾ ਹੈ: "ਬਚਾਅ ਵਿੱਚ ਹੀ ਬਚਾਅ ਹੈ"। ਇਸ ਤੋਂ ਸਬਕ ਲੈਂਦਿਆਂ ਸਾਨੂੰ ਵੀ ਸਮੇਂ ਦੇ ਨਾ਼ਲ ਬਦਲਦੇ ਹੋਏ ਵਿਆਕਰਨਿਕ ਨਿਯਮਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇਹਨਾਂ ਨਿਯਮਾਂ ਅਨੁਸਾਰ ਚੱਲਣ ਦੀ ਕੋਸ਼ਸ਼ ਕਰਨੀ ਚਾਹੀਦੀ ਹੈ।

ਸੋ, ਉਪਰੋਕਤ ਚਾਰ ਸ਼ਬਦਾਂ (ਇਉਂ, ਕਿਉਂ, ਜਿਉਂ, ਤਿਉ) ਨੂੰ ਛੱਡ ਕੇ ਬਾਕੀ ਸਾਰੇ ਸ਼ਬਦਾਂ ਦੇ ਅੰਤ ਵਿੱਚ ਆਏ ਊੜੇ ਅੱਖਰ ਨਾ਼ਲ ਕੇਵਲ ਹੋੜੇ ਦੀ ਲਗ ਹੀ ਲੱਗਣੀ ਹੈ ਅਰਥਾਤ ਊੜੇ ਦਾ ਮੂੰਹ ਖੁੱਲ੍ਹਾ ਰੱਖਣਾ ਹੈ, ਔਂਕੜ ਦੀ ਲਗ ਬਿਲਕੁਲ ਨਹੀਂ ਲਾਉਣੀ।



**ਜਸਬੀਰ ਸਿੰਘ ਪਾਬਲਾ**

# ਮਨੋਕਲਪਿਤ ਕਹਾਣੀਆਂ ਘੜਨ ਅਤੇ ਮੰਨਣ ਦੇ ਮਨੋਵਿਗਿਆਨਕ ਕਾਰਨ ਹਨ ਪਰ ਇਹ ਵਿਗਿਆਨਿਕ ਸੋਚ ਦੇ ਰਸਤੇ ਨੂੰ ਭਟਕਾਉਣ ਦਾ ਕਾਰਨ ਬਣਦੇ ਹਨ -ਤਰਕਸ਼ੀਲ

ਜਿਹੜੀਆਂ ਕਿਤਾਬਾਂ ਵਿੱਚ ਕਾਲਪਨਿਕ ਕਥਾਵਾਂ ਦੀ ਬਜਾਏ ਸੱਚੀਆਂ ਗੱਲਾਂ ਹੀ ਦੱਸੀਆਂ ਜਾਂਦੀਆਂ ਸਨ ਉਹ ਲੋਕਾਂ ਵਿੱਚ ਪਾਪੂਲਰ ਨਹੀਂ ਹੁੰਦੀਆਂ ਸਨ।

ਮਨੋਕਲਪਿਤ ਕਹਾਣੀਆਂ ਘੜ੍ਹਨ ਪਿੱਛੇ ਜੋ ਕਾਰਨ ਹੈ, ਉਹ ਸੌਖਿਆਂ ਹੀ ਸਮਝ ਆਉਂਦਾ ਹੈ ਕਿ ਹਰ ਮਨੁੱਖ ਆਪਣੀ ਗੱਲ ਨੂੰ ਦਿਲਚਸਪ ਅਤੇ ਵਜ਼ਨਦਾਰ ਬਣਾਉਣੀ ਚਾਹੁੰਦਾ ਹੈ।

ਇਹ ਨਹੀਂ ਕਿ ਝੂਠੀਆਂ ਕਹਾਣੀਆਂ ਪਹਿਲਾਂ ਹੀ ਘੜੀਆਂ ਜਾਂਦੀਆਂ ਸੀ ,ਹੁਣ ਨਹੀਂ ਘੜੀਆਂ ਜਾਂਦੀਆਂ। ਇਹ ਬੰਦੇ ਦੀ ਮਨੋਵਿਗਿਆਨਕ ਲੋੜ ਹੁੰਦੀ ਹੈ ਕਿ ਉਸ ਦੀ ਗੱਲ ਨੂੰ ਦੂਸਰੇ ਧਿਆਨ ਨਾਲ ਸੁਣਨ ਅਤੇ ਮਹੱਤਵ ਦੇਣ। ਇਸ ਲਈ ਆਮ ਆਦਮੀ ਆਪਣੀ ਗੱਲ ਨੂੰ ਮਹੱਤਵਪੂਰਨ ਅਤੇ ਦਿਲਚਸਪ ਬਣਾਉਣ ਲਈ ਇਸ ਵਿੱਚ ਬਹੁਤ ਕੁੱਝ ਆਪਣੇ ਕੋਲੋਂ ਹੀ ਜੋੜ ਦਿੰਦਾ ਹੈ।

ਬਹੁਤ ਸਾਰੀਆਂ ਭੂਤਾਂ-ਪ੍ਰੇਤਾਂ ਵਾਲੀਆਂ ਕਹਾਣੀਆਂ ਵੀ ਇਸੇ ਤਰ੍ਹਾਂ ਬਣਦੀਆਂ ਰਹੀਆਂ ਹਨ। ਚਮਤਕਾਰਾਂ ਵਾਲੀਆਂ ਕਥਾਵਾਂ ਪਿੱਛੇ ਵੀ ਇਹੀ ਮਾਨਸਿਕਤਾ ਕੰਮ ਕਰਦੀ ਹੈ। ਸੋ ਕੁਝ ਲੋਕਾਂ ਨੇ ਅਜਿਹੀਆਂ ਕਹਾਣੀਆਂ ਘੜ੍ਹਦੇ ਹੀ ਰਹਿਣਾ ਹੈ। ਅੱਜ ਇਸ ਵਿੱਚ ਵਾਧਾ ਇਹ ਹੋ ਗਿਆ ਹੈ ਕਿ ਅਜਿਹੀਆਂ ਕਾਲਪਨਿਕ ਕਹਾਣੀਆਂ ਨੂੰ ਫੈਲਾਉਣ ਲਈ ਸੋਸ਼ਲ ਮੀਡੀਆ ਦੀ ਸਹੂਲਤ ਮਿਲ ਗਈ ਹੈ। ਉੱਤੋਂ ਦੂਜਾ ਫੈਕਟਰ ਇਹ ਜੁੜ ਗਿਆ ਹੈ ਕਿ ਕਿਸੇ ਘਟਨਾ ਨੂੰ ਜਿੰਨਾ ਵੱਧ ਸਨਸਨੀਖੇਜ ਰੂਪ ਦੇ ਕੇ ਪੇਸ਼ ਕੀਤਾ ਜਾਵੇਗਾ ਉਨਾ ਹੀ ਉਹ ਵੱਧ ਵੇਖੀ ਜਾਵੇਗੀ, ਜਿੰਨੀ ਵੱਧ ਵੇਖੀ ਜਾਵੇਗੀ ਉਨੇ ਵੱਧ ਉਸ ਤੋਂ ਪੈਸੇ ਮਿਲਣ ਦੀ ਸੰਭਾਵਨਾ ਬਣੇਗੀ। ਇਸ ਕਰਕੇ ਬਹੁਤ ਸਾਰੀਆਂ ਗੱਲਾਂ ਜੋ ਵਾਪਰੀਆਂ ਹੀ ਨਹੀਂ ਹੁੰਦੀਆਂ ਜਾਂ ਬਹੁਤ ਸਾਧਾਰਨ ਰੂਪ ਵਿੱਚ ਵਾਪਰੀਆਂ ਹੁੰਦੀਆਂ ਹਨ ਉਨ੍ਹਾਂ ਨੂੰ ਚਮਤਕਾਰੀ ਘਟਨਾਵਾਂ ਵਜੋਂ ਪੇਸ਼ ਕੀਤਾ ਜਾਂਦਾ ਹੈ।

ਇਸ ਤੋਂ ਅਗਲਾ ਸਵਾਲ ਇਹ ਖੜਾ ਹੁੰਦਾ ਹੈ ਕਿ ਕਹਾਣੀਆਂ ਘੜ੍ਹਨ ਵਾਲੇ ਤਾਂ ਆਪਣੀ ਗੱਲ ਨੂੰ ਦਿਲਚਸਪ ਅਤੇ ਮਹੱਤਵਪੂਰਨ ਬਣਾਉਣ ਲਈ ਕਲਪਨਾ ਦੇ ਮਸਾਲੇ ਲਾਉਂਦੇ ਹਨ ਪਰ ਬਹੁਤੇ ਲੋਕ ਉਨ੍ਹਾਂ ਨੂੰ ਸੱਚ ਕਿਉਂ ਮੰਨ ਲੈਂਦੇ ਹਨ? ਇਸ ਪਿੱਛੇ ਦਾ ਮਨੋਵਿਗਿਆਨ ਕੀ ਹੈ?

ਇਸ ਦੀ ਵਿਆਖਿਆ ਤਰਕਸ਼ੀਲ ਟਿੱਪਣੀਕਾਰ ਧਰਮੇਂਦਰ ਆਜ਼ਾਦ ਇੱਕ ਮਸ਼ਹੂਰ ਤਾਰਾ ਵਿਗਿਆਨੀ ਕਾਰਲ ਸੇਗਾਨ ਦੇ ਹਵਾਲੇ ਨਾਲ ਇਸ ਤਰ੍ਹਾਂ ਕਰਦੇ ਹਨ।

ਕਾਰਲ ਸੇਗਾਨ ਆਪਣੇ ਕਿਸੇ ਦੋਸਤ ਨਾਲ ਇਕ ਰੈਸਟੋਰੈਂਟ ਵਿੱਚ ਰਾਤ ਦਾ ਖਾਣਾ ਖਾ ਰਹੇ ਸਨ ਤਾਂ ਅਚਾਨਕ ਬਾਹਰ ਰੌਲਾ ਪੈਣ ਲੱਗਾ। ਕਾਰਲ ਨੇ ਖਿੜਕੀ ਵਿੱਚੋਂ ਬਾਹਰ ਝਾਕ ਕੇ ਦੇਖਿਆ ਕਿ ਰੈਸਟੋਰੈਂਟ ਦੇ ਬਾਹਰ ਭੀੜ ਇਕੱਠੀ ਹੋ ਰਹੀ ਸੀ। ਉਹ ਅਸਮਾਨ ਵੱਲ ਇਸ਼ਾਰੇ ਕਰ ਰਹੇ ਸਨ ਅਤੇ ਅਸਮਾਨ ਵਿੱਚ ਇੱਕ ਅਜੀਬ ਜਿਹੀ ਚਮਕਦੀ ਰੋਸ਼ਨੀ ਨੂੰ ਵੇਖ ਕੇ ਉਤਸ਼ਾਹ ਵਿੱਚ ਰੌਲਾ ਪਾ ਰਹੇ ਸਨ। ਲੋਕ ਉਸ ਰੋਸ਼ਨੀ ਨੂੰ ਕਿਸੇ ਦੂਜੇ ਗ੍ਰਹਿ ਤੋਂ ਆਇਆ ਸਪੇਸਸ਼ਿੱਪ ਸਮਝ ਰਹੇ ਸਨ ਅਤੇ ਕਿਸੇ ਵੱਲੋਂ ਫੈਲਾਈ ਹੋਈ ਇਸ ਗੱਲ ਤੇ ਵਿਸ਼ਵਾਸ ਕਰ ਰਹੇ ਸਨ ਕਿ ਦੂਜੇ ਗ੍ਰਹਿ ਤੋਂ ਆਏ ਇਹ ਲੋਕ ਧਰਤੀ ਨਾਲ ਸੰਪਰਕ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਕਾਰਲ ਸੇਗਾਨ ਆਪਣੀ ਵਿਗਿਆਨਕ ਸੋਚ ਅਤੇ ਤਰਕ-ਪੂਰਨ ਦ੍ਰਿਸ਼ਟੀਕੋਣ ਲਈ ਮਸ਼ਹੂਰ ਸਨ। ਤਾਰਾ ਵਿਗਿਆਨੀ ਹੋਣ ਕਰਕੇ ਉਹ ਆਪਣੀ ਦੂਰਬੀਨ ਨਾਲ ਹੀ ਰੱਖਦੇ ਸਨ। ਉਨ੍ਹਾਂ ਨੇ ਆਪਣੀ ਗੱਡੀ ਵਿੱਚੋਂ ਦੂਰਬੀਨ ਕੱਢੀ ਅਤੇ ਉਸ ਰੋਸ਼ਨੀ ਨੂੰ ਦੇਖਣ ਲੱਗੇ। ਕੁਝ ਪਲਾਂ ਵਿੱਚ ਹੀ ਉਨ੍ਹਾਂ ਨੂੰ ਸਚਾਈ ਦੀ ਸਮਝ ਆ ਗਈ। ਉਹ ਭੀੜ ਨੂੰ ਸੰਬੋਧਨ ਕਰਕੇ ਕਹਿਣ ਲੱਗੇ ਕਿ ਇਹ ਕੋਈ ਦੂਜੇ ਗ੍ਰਹਿ ਤੋਂ ਆਇਆ ਸਪੇਸਸ਼ਿੱਪ ਨਹੀਂ ਹੈ ਬਲਕਿ ਇੱਕ ਨਵਾਂ ਮਿਲਟਰੀ ਏਅਰ-ਕਰਾਫਟ ਹੈ, ਜਿਸ ਨੂੰ ਪ੍ਰੀਖਣ ਲਈ ਉਡਾਇਆ ਗਿਆ ਹੈ।

ਕਾਰਲ ਸੇਗਾਨ ਵੱਡਾ ਵਿਗਿਆਨੀ ਸੀ, ਉਸ ਦੀ ਗੱਲ ਨੂੰ ਕੱਟਿਆ ਨਹੀਂ ਜਾ ਸਕਦਾ ਸੀ। ਪਰ ਉਸ ਦੀ ਇਹ ਗੱਲ ਸੁਣਦੇ ਹੀ ਲੋਕਾਂ ਦਾ ਉਤਸ਼ਾਹ ਫਿਕਾ ਪੈ ਗਿਆ। ਉਨ੍ਹਾਂ ਦੇ ਚਿਹਰੇ ਦੀ ਚਮਕ ਬੁਝ ਗਈ ਜਿਵੇਂ ਕਿ ਕੋਈ ਦਿਲਚਸਪ ਕਹਾਣੀ ਵਿਚਕਾਰੋਂ ਬੰਦ ਕਰ ਦਿੱਤੀ ਗਈ ਹੋਵੇ।

ਕਾਰਲ ਨੇ ਇਹ ਵੇਖ ਕੇ ਇੱਕ ਵਿਅਕਤੀ ਨੂੰ ਸਵਾਲ ਕੀਤਾ ਤੁਸੀਂ ਇਨੇ ਨਿਰਾਸ਼ ਕਿਉਂ ਹੋ ਗਏ? ਤੁਹਾਨੂੰ ਤਾਂ ਖੁਸ਼ ਹੋਣਾ ਚਾਹੀਦਾ ਸੀ ਕਿ ਤੁਹਾਨੂੰ ਉਸ ਚਮਕਦੀ ਚੀਜ਼ ਦੀ ਸੱਚਾਈ ਦਾ ਪਤਾ ਲੱਗ ਗਿਆ ਅਤੇ ਤੁਸੀਂ ਇੱਕ ਗਲਤ-ਫਹਿਮੀ ਵਿੱਚ ਪੈਣ ਤੋਂ ਬਚ ਗਏ।"

ਉਹ ਵਿਅਕਤੀ ਨਾਖੁਸ਼ੀ ਅਤੇ ਖਿੱਝ ਦੀ ਭਾਵਨਾ ਨਾਲ ਕਹਿਣ ਲੱਗਾ, "ਘਰ ਜਾ ਕੇ ਬੱਚਿਆਂ ਨੂੰ ਇਹ ਦੱਸਣ ਵਿਚ ਕੀ ਮਜ਼ਾ ਹੈ ਕਿ ਮੈਂ ਨਵੀਂ ਤਰ੍ਹਾਂ ਦਾ ਮਿਲਟਰੀ ਜੈੱਟ ਵੇਖ ਕੇ ਆਇਆ ਹਾਂ। ਅਸੀਂ ਸਾਰੇ ਲੋਕ ਇਹ ਸੋਚ ਕੇ ਆਪਣੇ ਆਪ ਨੂੰ ਵਿਸ਼ੇਸ਼ ਸਮਝਣ ਲੱਗੇ ਸੀ ਕਿ ਅਸੀਂ ਏਲੀਅਨਜ਼ ਦਾ ਸਪੇਸਸ਼ਿੱਪ ਦੇਖ ਲਿਆ ਹੈ। ਤੁਸੀਂ ਸਾਡੀ ਇਹ ਮਹੱਤਤਾ ਖਤਮ ਕਰ ਦਿੱਤੀ।"

ਇਹ ਸੁਣ ਕੇ ਕਾਰਲ ਨੂੰ ਮਹਿਸੂਸ ਹੋਇਆ ਕਿ ਲੋਕਾਂ ਦੇ ਅੰਦਰ ਕਿਸ ਹੱਦ ਤੱਕ ਪਛਾਣ ਦਾ ਸੰਕਟ ਅਤੇ ਰੁਮਾਂਚ ਦੀ ਭੁੱਖ ਹੈ। ਸੱਚ ਕਹੀਏ ਤਾ ਕਾਰਲ ਨੇ ਉਨ੍ਹਾਂ ਕੋਲੋਂ ਉਹ 'ਜਾਦੂ ਕਹਾਣੀ' ਖੋਹ ਲਈ ਜੋ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਦੀ ਨੀਰਸਤਾ ਵਿੱਚ ਇੱਕ ਰੰਗ ਭਰ ਸਕਦੀ ਸੀ, ਇਕ ਅਜਿਹਾ ਅਨੁਭਵ ਜੋ ਉਨ੍ਹਾਂ ਨੂੰ ਖਾਸ ਮਹਿਸੂਸ ਕਰਵਾ ਸਕਦਾ ਸੀ੍

ਸੱਚ ਤਾਂ ਇਹ ਹੈ ਕਿ ਬਿਨਾਂ ਕਿਸੇ ਵੱਡੇ ਉਦੇਸ਼ ਦੇ ਜਿਊਂ ਰਹੇ ਲੋਕਾਂ ਨੂੰ ਰੋਮਾਂਚਕ ਕਹਾਣੀ ਦੀ ਤਲਾਸ਼ ਹੁੰਦੀ ਹੈ। ਫਿਰ ਇਹ ਚਾਹੇ ਭੂਤਾਂ-ਪ੍ਰੇਤਾਂ ਦੇ ਕਿੱਸੇ ਹੋਣ, ਭਾਵੇਂ ਪੁਨਰ-ਜਨਮ ਦੀਆਂ ਕਹਾਣੀਆਂ ਜਾਂ ਦੂਸਰੇ ਗ੍ਰਹਿ ਦੇ ਵਾਸੀਆਂ ਬਾਰੇ ਕਾਲਪਨਿਕ ਗੱਲਾਂ ਹੋਣ।

ਚਾਹੇ ਅਜਿਹੀਆਂ ਝੂਠੀਆਂ ਕਹਾਣੀਆਂ ਘੜ੍ਹਨ ਅਤੇ ਇਹਨਾਂ ਨੂੰ ਮੰਨਣ ਪਿੱਛੇ ਮਨੋਵਿਗਿਆਨਕ ਕਾਰਨ ਹਨ ਪਰ ਇਹ ਵਿਗਿਆਨਿਕ ਸੋਚ ਦੇ ਰਸਤੇ ਤੋਂ ਭਟਕਾਉਣ ਦਾ ਕਾਰਨ ਬਣਦੀਆਂ ਹਨ। ਜੋ ਲੋਕ ਇਨ੍ਹਾਂ ਕਾਲਪਨਿਕ ਕਹਾਣੀਆਂ ਵਿੱਚੋਂ ਸੰਤੁਸ਼ਟੀ ਹਾਸਲ ਕਰਨ ਲੱਗ ਪੈਂਦੇ ਹਨ ਉਹ ਸੱਚਾਈ ਦੇ ਰਸਤੇ ਤੋਂ ਪਾਸੇ ਚਲੇ ਜਾਂਦੇ ਹਨ। ਸਾਧਾਂ, ਸੰਤਾਂ, ਕਥਾਵਾਚਕਾਂ ਵੱਲੋਂ ਜੋ ਕਹਾਣੀਆਂ ਘੜ ਘੜ ਕੇ ਸੁਣਾਈਆਂ ਜਾਂਦੀਆਂ ਹਨ ਇਹ ਲੋਕ ਉਨ੍ਹਾਂ ਦੀ ਵਾਹ ਵਾਹ ਕਰਨ ਵਾਲੀਆਂ ਭੀੜਾਂ ਵਿੱਚ ਸ਼ਾਮਿਲ ਹੋ ਜਾਂਦੇ ਹਨ। ਅਜਿਹੀਆਂ ਭੀੜਾਂ ਨਾ ਸਿਰਫ ਆਪਣੇ ਧਨ ਅਤੇ ਸਮੇਂ ਦੀ ਬਰਬਾਦੀ ਕਰਦੀਆਂ ਹਨ ਬਲਕਿ ਇਨ੍ਹਾਂ ਵੱਲੋਂ ਫੈਲਾਈਆਂ ਅਫਵਾਹਾਂ ਨੂੰ ਸੱਚ ਮੰਨ ਕੇ ਫਿਰਕੂ ਦੰਗਿਆਂ ਵਿੱਚ ਵੀ ਸ਼ਾਮਿਲ ਹੁੰਦੀਆਂ ਹਨ। ਇਸੇ ਕਰਕੇ ਹਰ ਤਰ੍ਹਾਂ ਦੇ ਝੂਠੇ ਬਿਰਤਾਂਤ, ਚਾਹੇ ਉਹ ਧਾਰਮਿਕ ਕਥਾਕਾਰਾਂ ਵੱਲੋਂ ਪ੍ਰਚਾਰੇ ਜਾਂਦੇ ਹੋਣ ਅਤੇ ਚਾਹੇ ਸੋਸ਼ਲ ਮੀਡੀਆ ਉੱਤੇ ਕਿਸੇ ਫਿਰਕੂ ਪਾਰਟੀ ਦੇ ਆਈ.ਟੀ. ਸੈੱਲ ਵਾਲਿਆਂ ਵੱਲੋਂ ਘੜੇ ਜਾਂਦੇ ਹੋਣ ਜਾਂ ਕੁੱਝ ਖ਼ੁਦਗਰਜ਼ ਵਿਅਕਤੀਆਂ ਵੱਲੋਂ ਫੈਲਾਏ ਜਾਂਦੇ ਹੋਣ, ਤਰਕਸ਼ੀਲ ਸੁਸਾਇਟੀ ਉਨ੍ਹਾਂ ਦੀ ਅਸਲੀਅਤ ਲੋਕਾਂ ਅੱਗੇ ਲੈ ਕੇ ਆਉਣ ਲਈ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ। ਅਜਿਹਾ ਕਰਨਾ ਵਿਗਿਆਨ ਦੇ ਵਿਕਾਸ ਲਈ ਵੀ ਅਤੇ ਸਮਾਜ ਦੀ ਬਿਹਤਰੀ ਲਈ ਵੀ ਬਹੁਤ ਜਰੂਰੀ ਹੈ।



**ਮਾਸਟਰ ਪਰਮਵੇਦ**
ਤਰਕਸ਼ੀਲ ਆਗੂ
ਤਰਕਸ਼ੀਲ ਸੁਸਾਇਟੀ ਪੰਜਾਬ
9417422349

## ਮਿੰਨੀ ਕਹਾਣੀ: ਗੱਲਬਾਤ

ਤੁਸੀਂ ਕਾਲਜ ਵਿੱਚ ਦਾਖਲ ਹੋ ਗਏ ਹੋ,ਬਹੁਤ ਖ਼ੁਸ਼ੀ ਦੀ ਗੱਲ ਹੈ।ਮੈਨੂੰ ਦੱਸੋ ਕਿ ਕਿਹੜੇ ਵਿਸ਼ੇ ਲਏ ਹਨ?'ਮੈਂ ਆਪਣੀ ਪੋਤੀ ਨੂੰ ਪੁੱਛਿਆ,ਜੋ ਹੁਣੇ-ਹੁਣੇ ਦਾਖਲਾ ਲੈ ਕੇ ਆਈ ਸੀ । 'ਦਾਦੂ,ਮੈਂ ਆਪਣੀ ਸਾਰੀ ਜਾਣਕਾਰੀ ਆਪਣੇ ਫੇਸਬੁੱਕ ਪ੍ਰੋਫਾਈਲ 'ਤੇ ਪਾ ਦਿੱਤੀ ਹੈ। ਤੁਸੀਂ ਮੇਰੇ ਦੋਸਤ ਬਣਨ ਦੀ ਬੇਨਤੀ ਭੇਜੋ ਅਤੇ ਤੁਹਾਨੂੰ ਇਸ ਬਾਰੇ ਵੇਰਵੇ ਸਹਿਤ ਸਾਰਾ ਪਤਾ ਲੱਗ ਜਾਵੇਗਾ। ਆਈ ਐਮ ਸੋ ਸੌਰੀ,ਦਾਦੂ,ਏਨਾ ਕਿਵੇਂ ਦੱਸਾਂ? ਇਹ ਸੁਝਾ ਦੇ ਕੇ ਉਹ ਸੈੱਲ ਫ਼ੋਨ ਨਾਲ ਜੁੜ ਗਈ। ਮੈਂ ਅੱਗੋਂ ਕੀ ਕਹਿਣਾ ਸੀ। ਲਾਜਵਾਬ ਹੋ ਗਿਆ। ਮੇਰੀ ਬਜ਼ੁਰਗੀ ਵਾਲੀ ਆਦਤ ਕਿੱਥੇ ਚੁੱਪ ਰਹਿਣ ਦਿੰਦੀ ਹੈ? ਕੋਲੇ ਬੈਠੇ ਆਪਣੇ ਪੁੱਤ ਨੂੰ ਪੁੱਛ ਬੈਠਾ,' ਪੱਤਰਾਂ! ਅੱਜ ਸਵੇਰੇ- ਸਵੇਰੇ ਤੈਨੂੰ ਮਿਲਣ ਕੌਣ ਆਇਆ ਸੀ?' ਉਹਨੇ ਮੇਰੇ ਵੱਲ ਬਿਨਾ ਦੇਖਿਆਂ,ਮੂੰਹ ਬਣਾ ਕੇ, ਫ਼ੋਨ ਤੇ ਟਿਕ-ਟਿਕ ਕਰਦਿਆਂ ਕਿਹਾ,'ਪਿਤਾ ਜੀ, 'ਟਵਿੱਟਰ' ਤੇ ਮੈਨੂੰ ਫੋਲੋ ਕਰ ਲਉ। ਇਸ ਬਾਰੇ ਸਭ ਪਤਾ ਲੱਗ ਜਾਵੇਗਾ।ਮੈਂ ਹੁਣ ਬਿਜ਼ੀ ਹਾਂ। ਮੈਂ ਉਹਦੇ ਚਿਹਰੇ ਦੇ ਬਦਲਦੇ ਹਵਾ-ਭਾਵ,ਚੁੱਪ-ਚਾਪ ਦੇਖਣ ਲੱਗਾ। ਸੋਚਿਆ'ਛੱਡੋ ਖਹਿੜਾ,ਕੀ ਲੈਣਾ ਬੱਚਿਆ ਤੋ? ਘਰ ਵਾਲੀ ਤੋਂ ਪੁੱਛਦੇ ਹਾਂ ਕਿ ਅੱਜ ਕੀ ਪਕਾਇਆ? ਮੈਂ ਆਪਣੀ ਪਤਨੀ ਨੂੰ ਬੁਲਾਇਆ ਤੇ ਕਿਹਾ ਕਿ ਮੈਨੂੰ ਬਹੁਤ ਭੁੱਖ ਲੱਗੀ ਹੈ। ਤੁਸੀਂ ਅੱਜ ਕੀ ਪਕਾਇਆ ਹੈ? ਉਹ ਤਾਂ ਬੱਚਿਆ ਤੋਂ ਵੀ ਉੱਤੋਂ ਦੀ ਨਿਕਲੀ। ਜਵਾਬ ਦਿੱਤਾ ਕਿ ਇਹ ਜਾਣਨ ਲਈ, ਮੇਰੇ ਅੱਜ ਦੌਂਠੁਬਏ ਚੈਨਲ 'ਤੇ ਜਾਓ ਅਤੇ ਘੰਟੀ ਦਾ ਬਟਨ ਦੱਬਣਾ ਨਾ ਭੁੱਲਣਾ। ਉੱਥੇ ਸਭ ਵੇਰਵੇ ਸਹਿਤ ਦਿੱਤਾ ਹੋਇਆਂ ਹੈ।' ਮੈਂ ਉਹਦੇ ਮੂੰਹ ਵੱਲ ਬਿਟ-ਬਿਟ ਦੇਖ ਰਿਹਾ ਸੀ।ਉਹ ਸਿਆਣੀ ਸੀ,ਸਮਝ ਗਈ। ਕਹਿਣ ਲੱਗੀ ਕਿ ਤੁਸੀਂ ਯੂ ਟਿਊਬ ਦੇਖੋ,ਮੈਂ ਖਾਣਾ ਪਰੋਸਦੀ ਹਾਂ। ਮੈਂ ਦਿਲ 'ਚ ਸੋਚਾਂ ਕਿ ਬਈ,ਕਰ ਲੋ ਘਿਉ ਨੂੰ ਭਾਂਡਾ! ਇਹ ਇੰਟਰਨੈੱਟ ਤਾਂ ਜੱਗੋਂ ਤੇਰ੍ਹਵੀਂ ਕਰੀ ਜਾਂਦਾ। ਬੁੱਢਿਆਂ ਨੂੰ ਤਾਂ ਹੁਣ ਕੋਈ ਪੁੱਛਦਾ ਹੀ ਨਹੀਂ। ਰੱਬ,ਭਲੀ ਕਰੇ।ਕੋਈ ਗੱਲ ਬਾਤ ਹੀ ਨੀ ਕਰ ਕੇ ਰਾਜ਼ੀ।




**ਸੁਰਜੀਤ ਸਿੰਘ ਭੁੱਲਰ**

# ਦਰਿੰਦੇ ਨੂੰ ਦਿੱਤੀ ਜਾਵੇ ਮਿਸਾਲੀ ਸਜ਼ਾ

ਜਿਸ ਵਿਅਕਤੀ ਦੀ ਆਪਣੀ ਬੇਟੀ ਦੀ ਹਮ ਉਮਰ ਸਹੇਲੀ ਨੂੰ ਵੇਖ ਕੇ ਮਨ ਵਿੱਚ ਵਹਿਸ਼ੀ ਬਿਰਤੀ ਉਪਜ ਜਾਵੇ, ਉਸਨੂੰ ਵੇਖ ਕੇ ਆਪਣੀ ਧੀ ਦਾ ਚਿਹਰਾ ਸਾਹਮਣੇ ਨਾ ਆਏ ਤੇ ਆਪਣੀ ਵਾਸ਼ਨਾ ਪੂਰਤੀ ਦਾ ਸ਼ਿਕਾਰ ਬਣਾਉਣ ਲਈ ਸਾਰੀਆਂ ਹੱਦਾਂ ਪਾਰ ਕਰ ਜਾਵੇ,ਉਹ ਤਾਂ ਕੋਈ ਹੈਵਾਨ ਹੀ ਹੋਏਗਾ। ਜਲੰਧਰ ਵਿਖੇ ਵਾਪਰੀ ਦਰਦਨਾਕ ਘਟਨਾ ਦਾ ਜੋ ਸੱਚ ਸਾਹਮਣੇ ਆਇਆ, ਬਹੁਤ ਖੌਫਨਾਕ ਸੀ,13 ਸਾਲ ਦੀ ਬੱਚੀ ਉਸ ਦੀ ਛੋਟੀ ਬੇਟੀ ਕੋਲ ਅਕਸਰ ਖੇਡਣ ਜਾਇਆ ਕਰਦੀ ਸੀ। ਪਰ ਉਸ ਦੀ ਬੇਟੀ ਉਸ ਦੀ ਪਤਨੀ ਨਾਲ ਕਿਸੇ ਰਿਸ਼ਤੇਦਾਰੀ ਵਿੱਚ ਲੁਧਿਆਣਾ ਗਈ ਹੋਈ ਸੀ। ਉਹ ਉਸਨੂੰ ਆਪਣੇ ਬੈੱਡਰੂਮ ਵਿੱਚ ਲੈ ਗਿਆ। ਉਹ ਉਸ ਦੀ ਬੇਟੀ ਬਾਰੇ ਪੁੱਛਣ ਲੱਗ ਪਈ ,ਪਰ ਉਸ ਦੀ ਨੀਅਤ ਵਿੱਚ ਤਾਂ ਪਹਿਲਾਂ ਹੀ ਖੋਟ ਸੀ, ਉਸ ਦਰਿੰਦੇ ਨੇ ਉਸ ਨਾਲ ਜਬਰਦਸਤੀ ਦੀ ਕੋਸ਼ਿਸ਼ ਕੀਤੀ ਤਾਂ ਉਹ ਬੱਚੀ ਚੀਕਣ ਲੱਗ ਪਈ, ਉਸ ਨੇ ਉਸਦਾ ਮੂੰਹ ਘੁੱਟ ਦਿੱਤਾ ਤੇ ਗਲਾ ਦਬਾਉਣ ਲੱਗ ਪਿਆ ।ਉਹ ਬੱਚੀ ਕਿੰਨਾ ਤੜਫ਼ੀ ਹੋਏਗੀ। ਉਹ ਦਰਿੰਦਾ ਉਸਦਾ ਗਲਾ ਉਸ ਸਮੇਂ ਤੱਕ ਦਬਾਉਂਦਾ ਰਿਹਾ ਜਦੋਂ ਤੱਕ ਉਹ ਸ਼ਾਂਤ ਨਾ ਹੋ ਗਈ। ਉਸਨੇ ਉਸਦੀ ਲਾਸ਼ ਗੁਸਲਖਾਨੇ ਵਿੱਚ ਸੁੱਟ ਦਿੱਤੀ ਤੇ ਅੱਗੇ ਗੱਦੇ ਕਰ ਦਿੱਤੇ। ਉਸ ਨੇ ਸੋਚਿਆ ਕਿ ਰਾਤ ਨੂੰ ਲਾਸ਼ ਠਿਕਾਣੇ ਲਗਾ ਦਵੇਗਾ। ਇਸ ਕੰਮ ਲਈ ਉਹ ਕਿਸੇ ਦੀ ਕਾਰ ਵੀ ਮੰਗ ਕੇ ਲੈ ਆਇਆ ,ਪਰ ਬਾਹਰ ਲੋਕ ਸਨ। ਉਹ ਵੀ ਕੁਝ ਦੇਰ ਉਨ੍ਹਾਂ ਨਾਲ ਬੱਚੀ ਨੂੰ ਲੱਭਣ ਦਾ ਨਾਟਕ ਕਰਨ ਲੱਗ ਪਿਆ ਤੇ ਘਰ ਜਾ ਕੇ ਅੰਦਰੋਂ ਤਾਲਾ ਲਾ ਕੇ ਅਤੇ ਬੱਤੀਆਂ ਬੰਦ ਕਰ ਦਿੱਤੀਆਂ। ਪਰ ਲੋਕਾਂ ਨੂੰ ਉਸ ਉੱਤੇ ਸ਼ੱਕ ਸੀ ਤੇ ਉਹ ਜ਼ਬਰਦਸਤੀ ਉਸਦੇ ਘਰ ਅੰਦਰ ਵੜ ਗਏ। ਲੋਕਾਂ ਨੇ ਵੇਖਿਆ ਕਿ ਕਾਰ ਕੋਲੇ ਲਾਸ਼ ਨੂੰ ਟਿਕਾਣੇ ਲਾਉਣ ਲਈ ਇੱਕ ਬੋਰਾ ਵੀ ਰੱਖਿਆ ਹੋਇਆ ਸੀ। ਸੁਣਨ ਵਿੱਚ ਆਇਆ ਹੈ ਕਿ ਇਹੋ ਸਭ ਕੁਝ ਉਸ ਨੇ ਆਪਣੇ ਬਿਆਨਾਂ ਵਿੱਚ ਵੀ ਦੱਸਿਆ ਹੈ। ਸ਼ੁਰੂਆਤੀ ਕਾਰਵਾਈ ਦੌਰਾਨ ਸੀ ਸੀ ਟੀਵੀ ਦੇ ਅਧਾਰ ਤੇ ਵੀ ਸਹੀ ਤਰੀਕੇ ਨਾਲ ਕੋਈ ਨਾ ਐਕਸ਼ਨ ਲੈਣ ਵਾਲੇ ਪੁਲਿਸ ਕਰਮਚਾਰੀਆਂ ਦੀ ਭੂਮਿਕਾ ਵੀ ਨਿਹਾਇਤ ਨਿੰਦਣਯੋਗ ਹੈ। ਉਹਨਾਂ ਖਿਲਾਫ ਚਾਹੇ ਵਿਭਾਗੀ ਕਾਰਵਾਈ ਹੋ ਚੁੱਕੀ ਹੈ ਪਰ ਕਿਤੇ ਨਾ ਕਿਤੇ ਉਹਨਾਂ ਨੇ ਆਪਣੀ ਡਿਊਟੀ ਦੌਰਾਨ ਕੁਤਾਹੀ ਵਰਤ ਕੇ ਵਰਦੀ ਨੂੰ ਵੀ ਦਾਗ਼ਦਾਰ ਕੀਤਾ ਹੈ। ਪੂਰੀ ਘਟਨਾ ਬਾਰੇ ਸੁਣ ਕੇ ਰੌਂਗਟੇ ਖੜੇ ਹੋ ਜਾਂਦੇ ਹਨ। ਇਹ ਸੋਚ ਕੇ ਰੂਹ ਕੰਬ ਜਾਂਦੀ ਹੈ ਕਿ ਕੋਈ ਧੀਆਂ ਭੈਣਾਂ ਵਾਲਾ ਵੀ ਅਜਿਹਾ ਖੌਫਨਾਕ ਕਾਰਾ ਕਰ ਸਕਦਾ ਹੈ ? ਇਸ ਸ਼ਰਮਨਾਕ ਅਤੇ ਦਰਿੰਦਗੀ ਭਰੀ ਕਰਤੂਤ ਲਈ ਉਸਨੂੰ ਸਾਡੇ ਕਾਨੂੰਨ ਅਨੁਸਾਰ ਮੌਤ ਦੀ ਸਜ਼ਾ ਹੋ ਸਕਦੀ ਹੈ । ਪਰ ਕਦੋਂ? ਕਾਨੂੰਨੀ ਲੜਾਈ ਲੜੀ ਜਾਵੇਗੀ, ਸਬੂਤ ਇਕੱਠੇ ਕੀਤੇ ਜਾਣਗੇ,ਵਿਸਰਾ ਰਿਪੋਰਟ ਆਵੇਗੀ,ਚਲਾਣ ਪੇਸ਼ ਕੀਤਾ ਜਾਵੇਗਾ, ਫਿਰ ਅਦਾਲਤ ਵਿੱਚ ਕਾਨੂੰਨੀ ਪ੍ਰਕਿਰਿਆ ਸ਼ੁਰੂ ਹੋ ਕੇ ਕਾਨੂੰਨੀ ਲੜਾਈ ਲੜੀ ਜਾਵੇਗੀ, ਗਵਾਹ ਭੁਗਤਾਏ ਜਾਣਗੇ । ਫਾਸਟ ਟਰੈਕ ਅਦਾਲਤ ਵਿੱਚ ਵੀ ਉਸ ਨੂੰ ਸਜ਼ਾ ਮਿਲਦੇ ਮਿਲਦੇ ਦੋ ਢਾਈ ਮਹੀਨੇ ਲੱਗ ਜਾਣਗੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੋ ਉਸ ਨੇ ਜੁਰਮ ਕੀਤਾ ਹੈ ਉਸ ਮੁਤਾਬਿਕ ਉਸ ਨੂੰ ਜ਼ਿਲ੍ਹਾ ਅਦਾਲਤ ਵਿੱਚ ਫਾਂਸੀ ਦੀ ਸਜ਼ਾ ਸੁਣਾਈ ਜਾਵੇਗੀ। ਪਰ ਉਸ ਕੋਲ ਉੱਚ ਅਦਾਲਤਾਂ ਵਿੱਚ ਰਹਿਮ ਦੀ ਅਪੀਲ ਕਰਨ ਦੇ ਮੌਕੇ ਵੀ ਹੋਣਗੇ। ਜਦ ਤੱਕ ਲੋਕਾਂ ਦੇ ਦਿਲ ਦਿਮਾਗ ਵਿੱਚ ਇਹ ਘਟਨਾ ਧੁੰਦਲੀ ਹੋ ਜਾਵੇਗੀ ਤੇ ਫਿਰ ਇਹੋ ਜਿਹੀ ਘਟਨਾ ਤੂਲ ਪਕੜ ਲਵੇਗੀ। ਸਾਰਾ ਕੇਸ ਸਾਰੀ ਦੁਨੀਆਂ ਦੇ ਸਾਹਮਣੇ ਹੈ।ਇਹੋ ਜਿਹੇ ਦਰਿੰਦੇ ਦੀ ਖਾਤਰ ਹੁਣ ਕਿਹੜੇ ਗਵਾਹ ਤੇ ਕਿਹੜੇ ਰਹਿਮ ਦੀ ਲੋੜ ਹੈ। ਜੇ ਕਿਤੇ ਸਾਡੇ ਦੇਸ਼ ਵਿੱਚ ਇਹੋ ਜਿਹੀਆਂ ਪਾਰਦਰਸ਼ੀ ਘਟਨਾਵਾਂ ਲਈ ਅਲੱਗ ਕਾਨੂੰਨ ਬਣਾ ਦਿੱਤਾ ਜਾਵੇ ਤੇ ਅਗਲੇ ਦਿਨ ਹੀ ਸ਼ਰੇਆਮ ਚੁਰਸਤੇ ਵਿੱਚ ਖੜ੍ਹਾ ਕੇ ਗੋਲੀ ਮਾਰ ਕੇ ਮਾਰ ਦਿੱਤਾ ਜਾਵੇ ਤਾਂ ਸ਼ਾਇਦ ਅਗਾਂਹ ਤੋਂ ਕੋਈ ਹੋਰ ਇਹੋ ਜਿਹੀ ਘਟਨਾ ਨੂੰ ਅੰਜਾਮ ਦੇਣ ਤੋਂ ਪਹਿਲਾਂ ਸੌ ਵਾਰੀ ਸੋਚੇ। ਇਸ ਘਟਨਾ ਵਿੱਚ ਬਲਾਤਕਾਰੀ ਅਤੇ ਕਾਤਲ ਵੀ ਦੁਨੀਆਂ ਦੇ ਸਾਹਮਣੇ ਹੈ,ਬੱਚੀ ਦੀ ਲਾਸ਼ ਵੀ ਉਸ ਕੋਲੋਂ ਬਰਾਮਦ ਕੀਤੀ ਜਾਂਦੀ ਹੈ, ਲੱਖਾਂ ਕੈਮਰਿਆਂ ਵਿੱਚ ਸਭ ਕੁਝ ਕੈਦ ਹੋ ਕੇ ਸਾਰੀ ਸਚਾਈ ਦੁਨੀਆਂ ਤੱਕ ਪਹੁੰਚਦੀ ਹੈ, ਫਿਰ ਵੀ ਇਹੋ ਜਿਹੇ ਦਰਿੰਦਿਆਂ ਪ੍ਰਤੀ ਨਰਮਾਈ ਨਹੀਂ ਵਰਤਣੀ ਚਾਹੀਦੀ। ਜਦ ਤੱਕ ਉਸ ਨੂੰ ਸਜ਼ਾ ਮਿਲਣੀ ਹੈ ਉਦੋਂ ਤੱਕ ਇਹੋ ਜਿਹੇ ਸਨਕੀ ਲੋਕਾਂ ਅੰਦਰ ਇਹ ਘਟਨਾ ਧੁੰਦਲੀ ਹੋ ਜਾਵੇਗੀ ਤੇ ਕੋਈ ਨਾ ਕੋਈ ਹੋਰ ਦਰਿੰਦਾ ਫੇਰ ਕਿਸੇ ਇਹੋ ਜਿਹੀ ਘਟਨਾ ਨੂੰ ਅੰਜਾਮ ਦੇ ਦੇਵੇਗਾ।ਜਿਸ ਬੁੱਢੇ ਵਿਅਕਤੀ ਵੱਲੋਂ ਇਸ ਸ਼ਰਮਨਾਕ ਘਟਨਾ ਨੂੰ ਅੰਜਾਮ ਦਿੱਤਾ ਗਿਆ ਹੈ ਉਸਦੀ ਆਪਣੀ ਪਤਨੀ ਤੇ ਧੀਆਂ ਨੂੰ ਵੀ ਸਾਰੀ ਜ਼ਿੰਦਗੀ ਇਸ ਕੌੜੇ ਸੱਚ ਦੀ ਸ਼ਰਮਿੰਦਗੀ ਤੇ ਸੰਤਾਪ ਵਿੱਚ ਕੱਟਣੀ ਹੀ ਪਵੇਗੀ। ਜੇ ਉਸ ਨੇ ਇੱਕ ਬੱਚੀ ਨੂੰ ਮਾਰ ਮੁਕਾਇਆ ਹੈ ਤਾਂ ਦੂਜੇ ਪਾਸੇ ਉਸ ਨੇ ਆਪਣੀ ਧੀ ਨੂੰ ਵੀ ਲੋਕਾਂ ਦੀ ਨਫ਼ਰਤ ਅਤੇ ਨਾਮੋਸ਼ੀ ਦਾ ਸਾਹਮਣਾ ਕਰਨ ਲਈ ਜਿਊਂਦੇ ਜੀਅ ਹਰ ਰੋਜ਼ ਮਰਨ ਲਈ ਛੱਡ ਦਿੱਤਾ ਹੈ। ਸਾਨੂੰ ਇੱਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਅੱਜ ਕਿਸੇ ਤੇ ਵੀ ਭਰੋਸੇ ਦਾ ਸਮਾਂ ਨਹੀਂ ਰਿਹਾ, ਕਿਸ ਦੀ ਨੀਅਤ ਕਦੋਂ ਤੇ ਕਿਸ ਵੇਲੇ ਵਿਗੜ ਜਾਏ, ਕੁਝ ਕਿਹਾ ਨਹੀਂ ਜਾ ਸਕਦਾ। ਆਪਣੀ ਅਤੇ ਆਪਣੇ ਬੱਚਿਆਂ ਦੀ ਸੁਰੱਖਿਆ ਆਪਣੇ ਹੱਥ ਹੈ, ਬੱਚਿਆਂ ਨੂੰ ਸਾਵਧਾਨ ਰਹਿਣਾ ਸਿਖਾਓ ਤਾਂ ਜੋ ਭਵਿੱਖ ਵਿੱਚ ਅਜਿਹੇ ਕਿਸੇ ਵੀ ਦੁਖਾਂਤ ਤੋਂ ਬਚਿਆ ਜਾ ਸਕੇ। ਆਪਣੇ ਸਮਾਜ ਵਿੱਚ ਪਹਿਲਾਂ ਆਂਢ ਗੁਆਂਢ ਅਤੇ ਜਾਣ ਪਛਾਣ ਵਾਲੇ ਰਿਸ਼ਤੇ ਵੀ ਸਕਿਆਂ ਨਾਲੋਂ ਵੱਧ ਜ਼ਿੰਮੇਵਾਰੀ ਨਾਲ ਨਿਭਾਏ ਜਾਂਦੇ ਸਨ। ਪਰ ਹੁਣ ਜ਼ਮਾਨਾ ਇਹੋ ਜਿਹਾ ਆ ਗਿਆ ਹੈ ਸਕੇ ਰਿਸ਼ਤਿਆਂ ਉੱਤੋਂ ਵੀ ਵਿਸ਼ਵਾਸ ਉੱਠ ਗਿਆ ਹੈ।ਸਾਡਾ ਸਮਾਜ ਕਿਹੋ ਜਿਹਾ ਬਣਦਾ ਜਾ ਰਿਹਾ ਹੈ ਜਿੱਥੇ ਛੇ ਮਹੀਨੇ ਦੀ ਬੱਚੀ ਤੋਂ ਲੈਕੇ ਅੱਸੀ ਸਾਲ ਤੱਕ ਦੀਆਂ ਬਜ਼ੁਰਗ ਔਰਤਾਂ ਦੀ ਇੱਜ਼ਤ ਮਹਿਫ਼ੂਜ਼ ਨਹੀਂ ਹੈ।ਵਧ ਰਹੀ ਨਸ਼ੇਖੋਰੀ ਅਤੇ ਸੋਸ਼ਲ ਮੀਡੀਆ ਤੇ ਮਨੋਰੰਜਨ ਲਈ ਚਲਾਈਆਂ ਗਈਆਂ ਇਹੋ ਜਿਹੀਆਂ ਐਪਾਂ ਜਿਹਨਾਂ ਉੱਪਰ ਨਿਰੋਲ ਅਸ਼ਲੀਲ ਕੰਟੈਂਟ ਦਿਖਾਏ ਜਾਂਦੇ ਹਨ, ਇਹੋ ਜਿਹੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਿੱਚ ਇਹਨਾਂ ਸਭਨਾਂ ਦਾ ਹੱਥ ਹੈ। ਉਹਨਾਂ ਉੱਤੇ ਵੀ ਕੋਈ ਕਾਨੂੰਨ ਜਾਂ ਹੱਦ ਬੰਦੀ ਹੋਣੀ ਚਾਹੀਦੀ ਹੈ।

ਸਾਡੇ ਦੇਸ਼ ਵਿੱਚ ਹਰ ਰੋਜ਼ ਵਧਦੀਆਂ ਇਹੋ ਜਿਹੀਆਂ ਘਿਨੌਣੀਆਂ ਵਾਰਦਾਤਾਂ 'ਤੇ ਨੱਥ ਪਾਉਣ ਲਈ ਇਹੋ ਜਿਹੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਦਰਿੰਦਿਆਂ ਨੂੰ ਦੁਨੀਆਂ ਸਾਹਮਣੇ ਮਿਸਾਲੀ ਸਜ਼ਾ ਦੇਣੀ ਚਾਹੀਦੀ ਹੈ ਤਾਂ ਜੋ ਅੱਗੇ ਤੋਂ ਇਹੋ ਜਿਹੀ ਘਟਨਾ ਨੂੰ ਕੋਈ ਵੀ ਅੰਜਾਮ ਦੇਣ ਦੀ ਹਿੰਮਤ ਨਾ ਕਰ ਸਕੇ।



**ਬਰਜਿੰਦਰ ਕੌਰ ਬਿਸਰਾਓ...**
**ਸੰਪਰਕ–9988901324**






# ਐੱਨ.ਐੱਸ.ਐੱਸ. ਵਿਭਾਗ ਵੱਲੋਂ ਸੰਵਿਧਾਨ ਦਿਵਸ ਮਨਾਇਆ ਗਿਆ

## ਦੇਸ਼ ਨੂੰ ਭਾਰਤੀ ਸੰਵਿਧਾਨ 'ਤੇ ਮਾਣ-ਪ੍ਰਿੰਸੀਪਲ ਮਿੱਢਾ






**ਜਲੰਧਰ (ਪਰਮਜੀਤ ਜੱਸਲ)**-ਡੀ.ਆਰ.ਵੀ ਡੀ.ਏ.ਵੀ ਸ਼ਤਾਬਦੀ ਕਾਲਜ ਫ਼ਿਲੌਰ ਵਿਖੇ ਪ੍ਰਿੰਸੀਪਲ ਐੱਸ.ਕੇ. ਮਿੱਢਾ ਦੀ ਅਗਵਾਈ ਹੇਠ ਐੱਨ.ਐੱਸ.ਐੱਸ ਯੂਨਿਟ , ਰੈੱਡ ਰਿੱਬਨ ਕਲੱਬ ਅਤੇ ਰਾਜਨੀਤੀ ਵਿਗਿਆਨ ਵਿਭਾਗ ਵੱਲੋਂ ਸੰਵਿਧਾਨ ਦਿਵਸ ਮਨਾਇਆ ਗਿਆ ।ਪ੍ਰਿੰਸੀਪਲ ਐੱਸ.ਕੇ. ਮਿੱਢਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਨੂੰ ਭਾਰਤੀ ਸੰਵਿਧਾਨ 'ਤੇ ਮਾਣ ਹੋਣਾ ਚਾਹੀਦਾ ਹੈ, ਜਿਹੜਾ ਅਮਰੀਕਾ, ਇੰਗਲੈਂਡ ਦੇ ਸੰਵਿਧਾਨਾਂ ਨਾਲੋਂ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ ।ਜੋ ਵਿਸ਼ਵ ਦਾ ਸਭ ਤੋਂ ਉੱਤਮ , ਬਹੁ-ਪੱਖੀ ਤੇ ਬਹੁ-ਪਾਸਾਰੀ ਸੰਵਿਧਾਨ ਹੈ ।ਉਨ੍ਹਾਂ ਕਿਹਾ ਕਿ ਡਾ. ਬੀ. ਆਰ ਅੰਬੇਡਕਰ ਜੀ ਜੋ ਇਸ ਸੰਵਿਧਾਨ ਦੀ ਡਰਾਫ਼ਟਿੰਗ ਕਮੇਟੀ ਦੇ ਚੇਅਰਮੈਨ ਸਨ,ਦੇ ਜੀਵਨ ਅਤੇ ਉਨ੍ਹਾਂ ਦੇ ਇਸ ਉੱਤਮ ਕਾਰਜ ਦਾ ਜ਼ਿਕਰ ਕੀਤਾ ਅਤੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪੜ੍ਹਾਈ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਕੋਈ ਮਾਮੂਲੀ ਸੰਵਿਧਾਨ ਨਹੀਂ ਹੈ,ਹੋਰਨਾਂ ਦੇਸ਼ਾਂ ਦੇ ਮੁਕਾਬਲੇ ਵਿੱਚ ਭਾਰਤੀ ਸੰਵਿਧਾਨ ਦਾ ਕੋਈ ਵੀ ਮੁਕਾਬਲਾ ਨਹੀਂ ਹੈ । ਜਿਵੇਂ ਕਿ ਇੰਗਲੈਂਡ ਵਿੱਚ ਕੋਈ ਲਿਖਤੀ ਸੰਵਿਧਾਨ ਹੀ ਨਹੀਂ ਹੈ ਅਤੇ ਅਮਰੀਕਾ ਦਾ ਸੰਵਿਧਾਨ ਐਨਾ ਛੋਟਾ ਹੈ ਕਿ ਉਸਨੂੰ ਅਸੀਂ ਆਪਣੀ ਜੇਬ ਵਿੱਚ ਪਾ ਕੇ ਘੁੰਮ ਸਕਦੇ ਹਾਂ । ਇਸ ਲਈ ਭਾਰਤ ਵਾਸੀਆਂ ਨੂੰ ਮਾਣ ਹੋਣਾ ਚਾਹੀਦਾ ਹੈ ਕਿ ਉਹਨਾਂ ਦਾ ਸੰਵਿਧਾਨ ਇੰਨਾ ਵੱਡਾ ਹੈ ਕਿ ਕਿਸੇ ਦੇਸ਼ ਦਾ ਸੰਵਿਧਾਨ ਉਸ ਦਾ ਮੁਕਾਬਲਾ ਨਹੀਂ ਕਰ ਸਕਦਾ ।ਇਸ ਦੀ ਭੂਮਿਕਾ ਦੇ ਵਿੱਚ ਹੀ ਪਹਿਲੀਆਂ ਦੋ ਪੰਕਤੀਆਂ ਵਿੱਚ ਸਾਨੂੰ ਸਾਰੇ ਸੰਵਿਧਾਨ ਦਾ ਸਾਰੰਸ਼ ਮਿਲ ਜਾਂਦਾ ਹੈ। ਇਤਿਹਾਸ ਵਿਭਾਗ ਦੇ ਪ੍ਰੋ.ਸੁਰਿੰਦਰ ਪਾਲ ਵੱਲੋਂ ਅੱਜ ਦੇ ਦਿਨ ਦੀ ਮਹੱਤਤਾ ਨੂੰ ਕਾਇਮ ਰੱਖਣ ਵਿੱਚ ਸਾਰਿਆਂ ਦੇ ਯੋਗਦਾਨ ਦੀ ਉਮੀਦ ਪ੍ਰਗਟਾਈ। ਉਹਨਾਂ ਕਿਹਾ ਕਿ ਇਸ ਵਿਸ਼ਾਲ ਭਾਰਤ ਦੀ ਏਨੀ ਵੱਡੀ ਵਿਭਿੰਨਤਾ ਨੂੰ ਇਕਜੁੱਟਤਾ ਵਿਚ ਸਮੋ ਕੇ ਰੱਖਣਾ ਸੰਵਿਧਾਨ ਦੀ ਹੀ ਵਡਮੁੱਲੀ ਦੇਣ ਹੈ। ਉਨ੍ਹਾਂ ਕਿਹਾ ਕਿ ਸਾਡਾ ਸੰਵਿਧਾਨ ਲੋਕਤੰਤਰੀ ਸੰਵਿਧਾਨ ਹੈ ਜੋ ਲੋਕਾਂ ਦੇ ਬਹੁਮਤ ਨਾਲ ਹੀ ਸਾਡੀਆਂ ਸਰਕਾਰਾਂ ਦੀ ਚੋਣ ਜ਼ਰੀਏ ਡਾ.ਅੰਬੇਡਕਰ ਜੀ ਦੀ ਸੋਚ ਆਜ਼ਾਦੀ,ਸਾਂਝੀਵਾਲਤਾ, ਬਰਾਬਰਤਾ ਅਤੇ ਭਾਈਚਾਰਕ ਸਾਂਝ ਨੂੰ ਅਪਨਾਉਣ 'ਤੇ ਜ਼ੋਰ ਦਿੰਦਾ ਹੈ । ਮੰਚ ਦਾ ਸੰਚਾਲਨ ਪ੍ਰੋ.ਡਾ.ਪਰਮਜੀਤ ਕੌਰ ਦੁਆਰਾ ਕੀਤਾ ਗਿਆ ।ਇਸ ਮੌਕੇ 'ਤੇ ਸਮੂਹ ਸਟਾਫ਼ ਵਿਸ਼ੇਸ਼ ਤੌਰ 'ਤੇ ਹਾਜ਼ਰ ਸੀ ।

# ਯਾਰ ਨੀ ਗਵਾਈਦਾ

ਗੈਰਾਂ ਦੀਆਂ ਮਹਿਫਲਾਂ 'ਚ ਸਜਕੇ ਨੀ ਜਾਈਦਾ
ਪੁੱਤ ਜਵਾਨ ਨਾਲ ਨੀ ਪੈੱਗ ਟਕਰਾਈਦਾ
ਖੋਲੀਏ ਨਾ ਭੇਤ ਕਦੇ ਜਿਆਦਾ ਮੂਹਰੇ ਸੱਜਣਾ ਦੇ
ਆਪਣੇ ਦੁੱਖਾਂ ਦਾ ਕਦੇ ਰੌਲਾ ਨਹੀਓਂ ਪਾਈਦਾ
ਪੈਰ ਪੈਰ ਉੱਤੇ ਜੀਹਦਾ ਕਰੇ ਨਾ ਵਿਸਾਹ ਕੋਈ
ਫੋਕੀ ਟੌਹਰ ਲਈ ਕਦੇ ਘਰ ਨੀ ਬਿਠਾਈਦਾ
ਮੰਨ ਲਈਏ ਯਾਰ ਜੀਹਨੂੰ ਜਦੋਂ ਚਹੁੰ ਜਹਾਨੀ
ਦੂਜੇ ਦਰ ਵਾਲਾ ਨਹੀਓਂ ਬੂਹਾ ਖੜਕਾਈਦਾ
ਸਮੇਂ ਦਾ ਕੀ ਹੈ ਇਹਤਾਂ ਲੰਘ ਈ ਏ ਜਾਣਾ
ਮਾੜੇ ਵਕਤਾਂ 'ਚ ਕਦੇ ਮਨ ਨੀ ਡੁਲਾਈਦਾ
ਇਸ਼ਕਾਂ ਦੇ ਪੱਟਿਆਂ ਦੀ ਦਾਰੂ ਨੀ ਜਹਾਨ ਉੱਤੇ
ਕਰ ਅਰਦਾਸਾਂ ਬੱਸ ਯਾਰ ਹੀ ਮਨਾਈਦਾ
ਮਾੜੇ ਵਕਤਾਂ ਦੇ ਵਿੱਚ ਜੀਹਨੇ ਗਲ਼ ਲਾਇਆ ਹੋਵੇ
ਭੁੱਲ ਕੇ ਵੀ ਕਦੇ ਉਹ ਯਾਰ ਨੀ ਗਵਾਈਦਾ
ਲਿਖਣਾ ਤਾਂ ਲਿਖ ਸੱਚ ਆਪਣੀ ਕਲਮ ਨਾਲ
ਝੂਠ ਦਾ ਨਕਾਬ ਓੜ ਸੱਚ ਨੀ ਗਵਾਈਦਾ
ਛੱਡੀਏ ਨਾ ਪੱਲਾ ਜੀਹਨੂੰ ਯਾਰ ਬਣਾ ਲਈਏ
ਬੇਵਫਾਈ ਵਾਲਾ ਪੱਲੇ ਨਹੀਓਂ ਦਾਗ਼ ਪਵਾਈਦਾ
ਮਿਲ ਜਾਏ ਤਾਨ ਜਦ ਨਾਲ ਪਰਮਾਤਮਾ ਦੇ
ਬੇਸੁਰੇ ਸਾਜਾਂ ਵੱਲ ਮੂੰਹ ਨੀ ਘੁਮਾਈਦਾ
ਸੱਜਣਾ ਪਿਆਰਿਆਂ ਨਾਲ ਰੌਲੇ ਨੀ ਕਰੀਦੇ
ਛੋਟੀ ਹੋਵੇ ਗੱਲ ਵੱਡਾ ਮੁੱਦਾ ਨੀ ਬਣਾਈਦਾ
ਗੈਰਾਂ ਦੀਆਂ ਮਹਿਫਲਾਂ 'ਚ ਆਪਣੇ ਨੀ ਭੰਡੀਦੇ
ਕਰ ਕਰ ਸ਼ੋਭਾ ਚੰਗਾ ਨਾਮ ਕਮਾਈਦਾ
ਲੱਖ ਬੁਰਿਆਈਆਂ ਹੋਣ ਸੱਜਣਾ ਪਿਆਰਿਆਂ 'ਚ
ਬੁੱਕਲ਼ 'ਚ ਲੈ ਕੇ ਬੱਸ ਬੈਠ ਸਮਝਾਈਦਾ
ਜਮਾਨਾ ਦੁਰਕਾਰ ਦੇਵੇ ਲੱਖ ਚਾਹੇ ਸੱਜਣਾ ਨੂੰ
ਰੂਹਾਂ ਤੱਕ ਸੱਜਣਾ ਨਾਲ ਰਿਸ਼ਤਾ ਨਿਭਾਈਦਾ
ਦਿਲ 'ਚ ਪਿਆਰ ਹੋਵੇ ਜੇ ਸੱਚੇ ਦਿਲੋਂ ਗੁਰੂ ਨਾਲ
ਗੁਰੂਘਰ ਦੀਆਂ ਕੰਧਾਂ ਉੱਤੇ ਨਾਮ ਨੀ ਲਿਖਾਈਦਾ
ਲੁਕ ਜਾਵੇ ਜਿਹੜਾ ਜਦੋਂ ਚੱਲਦੀਆਂ ਤੇਗਾਂ ਹੋਣ
ਐਹੋ ਜਹੇ ਨਾ ਸ਼ੁਕਰਿਆਂ ਨੂੰ ਮੂੰਹ ਨੀ ਲਗਾਈਦਾ
ਮੁਹੱਬਤਾਂ ਦੇ ਚਿਰਾਗ ਨਾ ਬਲਣ ਘਰ ਬੇਗੈਰਤਾਂ ਦੇ
ਨਾ ਸ਼ੁਕਰੀਆਂ ਦੇ ਬੂਹੇ ਨਹੀਉਂ ਅਲਖ ਜਗਾਈਦਾ
ਐਸ ਪੀ ਕੋਈ ਬਣ ਜਾਊ ਤੇਰਾ ਵੀ ਜਹਾਨ ਉੱਤੇ
ਇਕੱਲੇ ਬੈਠ ਐਵੇਂ ਮਨ ਨੀ ਡੁਲਾਈਦਾ।



**ਸਤਿੰਦਰ ਪਾਲ ਸਿੰਘ**
**ਲੈਕਚਰਾਰ ਫਿਜ਼ਿਕਸ**
**9888045355**

# ਅਨੁਪਮਾ ਨੇ ਜਿੱਤਿਆ ਮਿਸੇਜ਼ ਚੰਡੀਗੜ੍ਹ 2025 ਦਾ ਤਾਜ

**ਚੰਡੀਗੜ੍ਹ: ਗੁਰਭਿੰਦਰ ਗੁਰੀ** ਚੰਡੀਗੜ੍ਹ ਦੀ ਪ੍ਰਤਿਭਾਸ਼ਾਲੀ ਅਨੁਪਮਾ ਨੇ ਫੋਰਐਵਰ ਸਟਾਰ ਇੰਡੀਆ ਵੱਲੋਂ ਕਰਵਾਏ ਗਏ ਪ੍ਰਤੀਸ਼ਠਿਤ ਮਿਸੇਜ਼ ਇੰਡੀਆ 2025 ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮਿਸੇਜ਼ ਚੰਡੀਗੜ੍ਹ 2025 ਦਾ ਬਹੁਮੁੱਲਾ ਤਾਜ ਜਿੱਤ ਲਿਆ। ਇਸ ਜਿੱਤ ਨਾਲ ਨਾ ਸਿਰਫ਼ ਅਨੁਪਮਾ ਨੇ ਆਪਣੀ ਕਾਬਲਿਯਤ ਦਾ ਮੰਚ 'ਤੇ ਲੋਹਾ ਮਨਵਾਇਆ, ਸਗੋਂ ਚੰਡੀਗੜ੍ਹ ਦਾ ਨਾਮ ਵੀ ਰੌਸ਼ਨ ਕੀਤਾ ਹੈ। ਮਾਡਲਿੰਗ ਅਤੇ ਸੱਭਿਆਚਾਰਕ ਮੰਚਾਂ 'ਤੇ ਨਵੀਆਂ ਪੀੜ੍ਹੀਆਂ ਲਈ ਪ੍ਰੇਰਣਾ ਬਣ ਰਹੀ ਅਨੁਪਮਾ ਦੀ ਇਹ ਜਿੱਤ ਸ਼ਹਿਰ ਲਈ ਗੌਰਵ ਦਾ ਪਲ ਹੈ। ਫੋਰਐਵਰ ਸਟਾਰ ਇੰਡੀਆ ਵੱਲੋਂ ਭਾਰਤ ਦੇ ਕਈ ਪੜਾਆਂ ਤੇ ਆਯੋਜਿਤ ਇਸ ਮੁਕਾਬਲੇ ਵਿੱਚ ਦੇਸ਼ ਦੇ ਹਜ਼ਾਰਾਂ ਭਾਗੀਦਾਰਾਂ ਨੇ ਹਿੱਸਾ ਲਿਆ। ਹਰ ਸ਼ਹਿਰ ਵਿੱਚ ਹੋਈਆਂ ਚੋਣ ਪ੍ਰਕਿਰਿਆਵਾਂ ਵਿੱਚ ਭਾਗੀਦਾਰਾਂ ਨੇ ਨਿਰਭੀਕਤਾ, ਆਤਮ-ਵਿਸ਼ਵਾਸ, ਪ੍ਰਜ਼ੈਂਟੇਸ਼ਨ ਸਕਿੱਲਾਂ, ਤਲਾਂਤ ਅਤੇ ਸਮਾਜਿਕ ਸੂਝ-ਬੂਝ ਦੀ ਪਰੀਖਿਆ ਦਿੱਤੀ। ਚੰਡੀਗੜ੍ਹ ਤੋਂ ਭਾਗ ਲੈਣ ਵਾਲੀ ਅਨੁਪਮਾ ਨੇ ਹਰ ਰਾਊਂਡ ਵਿੱਚ ਆਪਣੀ ਉਤਕ੍ਰਿਸ਼ਟਤਾ ਸਾਬਤ ਕੀਤੀ ਅਤੇ ਅਓਕਹਿਰਕਾਰ ਸ਼ਾਨਦਾਰ ਅੰਦਾਜ਼ ਨਾਲ ਤਾਜ ਆਪਣੇ ਨਾਮ ਕੀਤਾ।

**ਅਨੁਪਮਾ ਦੀ ਸਿੱਖਿਆ ਅਤੇ ਕਲਾਤਮਕ ਯਾਤਰਾ**

ਅਨੁਪਮਾ ਨੇ B.Ed ਦੀ ਡਿਗਰੀ ਹਾਸਲ ਕਰਨ ਦੇ ਨਾਲ ਨਾਲ ਕਲਾਸਿਕ ਨ੍ਰਿਤਜ (Clasiscal Dance) ਵਿੱਚ ਪੋਸਟ ਗ੍ਰੈਜੂਏਸ਼ਨ ਕੀਤਾ ਹੈ। ਕਲਾ ਨਾਲ ਬਚਪਨ ਤੋਂ ਜੁੜੀਆਂ ਅਨੁਪਮਾ ਨੇ ਆਪਣੇ ਨ੍ਰਿਤਜ ਰਾਹੀਂ ਸਿਰਫ਼ ਤਕਨੀਕ ਹੀ ਨਹੀਂ, ਸਗੋਂ ਭਾਵਨਾਵਾਂ, ਅਭਿਨਯ ਅਤੇ ਸਮਰਪਣ ਨੂੰ ਵੀ ਮੰਚ 'ਤੇ ਮੂਰਤ ਰੂਪ ਦਿੱਤਾ ਹੈ। ਇਸ ਸਮੇਂ ਉਹ ਕਥਕ ਨ੍ਰਿਤਜ ਅਧਿਆਪਿਕਾ ਦੇ ਤੌਰ 'ਤੇ ਨੌਜਵਾਨ ਬੱਚਿਆਂ ਅਤੇ ਯੁਵਤੀਆਂ ਨੂੰ ਨ੍ਰਿਤਜ ਸਿਖਾ ਰਹੀ ਹਨ। ਉਨ੍ਹਾਂ ਦੀ ਸਿਖਲਾਈ ਹੇਠ ਕਈ ਵਿਦਿਆਰਥੀਆਂ ਨੇ ਰਾਜ ਪੱਧਰ ਅਤੇ ਰਾਸ਼ਟਰੀ ਪੱਧਰ 'ਤੇ ਵੀ ਇਨਾਮ ਜਿੱਤੇ ਹਨ।

ਕਥਕ ਨ੍ਰਿਤਜ ਸਿਰਫ਼ ਇੱਕ ਕਲਾ ਨਹੀਂ, ਸਗੋਂ ਇੱਕ ਆਤਮਿਕ ਅਨੁਭਵ ਵੀ ਹੈ। ਅਨੁਪਮਾ ਮੰਨਦੀ ਹੈ ਕਿ ਨ੍ਰਿਤਜ ਮਨੁੱਖੀ ਭਾਵਨਾਵਾਂ ਨੂੰ ਸ਼ਕਲ ਦਿੰਦਾ ਹੈ ਅਤੇ ਇੱਕ ਔਰਤ ਨੂੰ ਆਪਣੇ ਆਪ ਨਾਲ ਜੋੜਦਾ ਹੈ। ਕਲਾ ਵਿੱਚ ਇਹ ਗਹਿਰਾਈ ਅਤੇ ਆਪਣੇ ਕੰਮ ਲਈ ਅਟੱਲ ਭਾਵਨਾ ਇਸ ਗੱਲ ਦਾ ਸਬੂਤ ਹੈ ਕਿ ਅਨੁਪਮਾ ਵਰਗੀਆਂ ਪ੍ਰਤਿਭਾਵਾਂ ਨੂੰ ਇਹ ਤਾਜ਼ ਸਿਰਫ਼ ਇੱਕ ਜਿੱਤ ਨਹੀਂ, ਬਲਕਿ ਸਾਲਾਂ ਦੀ ਮਿਹਨਤ ਦਾ ਫਲ ਹੈ।

**ਮੁਕਾਬਲੇ ਦੀਆਂ ਚੋਣ ਪਰਖਾਂ — ਜਿੱਥੇ ਹਰ ਕਦਮ ਇੱਕ ਚੁਣੌਤੀ ਸੀ**

ਫੋਰਐਵਰ ਸਟਾਰ ਇੰਡੀਆ ਦਾ ਮਿਸੇਜ਼ ਇੰਡੀਆ ਮੁਕ-ਾਬਲਾ ਆਪਣੇ ਆਪ ਵਿੱਚ ਵੱਡਾ ਮੰਚ ਹੈ। ਇਸ ਮੁਕ-ਾਬਲੇ ਵਿੱਚ ਇੰਟਰਵਿਊ ਰਾਊਂਡ, ਕਲਚਰਲ ਰਾਊਂਡ,




ਟੈਲੈਂਟ ਰਾਊਂਡ, ਰੈਂਪ ਵਾਕ, ਅਤੇ ਸਮਾਜਿਕ ਜਿੰਮੇਵਾਰੀਆਂ ਬਾਰੇ ਜਾਣਕਾਰੀ ਵਰਗੇ ਕਈ ਪੜਾਅ ਸ਼ਾਮਲ ਰਹੇ। ਹਰ ਰਾਊਂਡ ਨੇ ਭਾਗੀਦਾਰਾਂ ਦੀ ਪਰਖ ਸਿਰਫ਼ ਖੂਬਸੂਰਤੀ ਨਾਲ ਨਹੀਂ, ਸਗੋਂ ਬੁੱਧੀਮਤਾ, ਨੇਤ੍ਰਿਤਵ ਸਮਰੱਥਾ ਅਤੇ ਅੰਦਰੂਨੀ ਤਾਕਤ ਨਾਲ ਵੀ ਕੀਤੀ।

ਅਨੁਪਮਾ ਨੇ ਆਪਣੇ ਨ੍ਰਿਤਜ ਕਲਾ ਨਾਲ ਨਾ ਸਿਰਫ਼ ਜੱਜਾਂ ਦੇ ਦਿਲ ਜਿੱਤੇ, ਸਗੋਂ ਆਪਣੀ ਨਰਮੀ, ਨੈਤਿਕ ਸੋਚ ਅਤੇ ਆਤਮ-ਵਿਸ਼ਵਾਸ ਨਾਲ ਵੀ ਸਭ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਦੇ ਟੈਲੈਂਟ ਪ੍ਰਦਰਸ਼ਨ ਅਤੇ ਪ੍ਰਸ਼ਨ-ਉੱਤਰ ਰਾਊਂਡ ਨੇ ਉਨ੍ਹਾਂ ਦੀਆਂ ਬਹੁ-ਪੱਖੀ ਯੋਗਤਾਵਾਂ ਦੀ ਝਲਕ ਦਿਖਾਈ।

**ਸੰਸਥਾਪਕ ਅਤੇ ਡਾਇਰੈਕਟਰ ਦਾ ਅਹਿਰਣਯੋਗ ਯੋਗਦਾਨ**

ਫੋਰਐਵਰ ਸਟਾਰ ਇੰਡੀਆ ਦੇ ਸੰਸਥਾਪਕ ਅਤੇ ਸੀਈਓ ਰਾਜੇਸ਼ ਅਗਰਵਾਲ ਅਤੇ ਡਾਇਰੈਕਟਰ ਜਯਾ ਚੌਹਾਨ ਦਾ ਮੁਕਾਬਲੇ ਵਿੱਚ ਅਹਿਮ ਯੋਗਦਾਨ ਰਿਹਾ ਹੈ। ਉਨ੍ਹਾਂ ਦੇ ਮਾਰਗਦਰਸ਼ਨ ਅਤੇ ਪ੍ਰਬੰਧਨ ਨੇ ਇਹ ਯਕੀਨੀ ਬਣਾਇਆ ਕਿ ਦੇਸ਼ ਦੇ ਹਰ ਸ਼ਹਿਰ ਦੀਆਂ ਪ੍ਰਤਿਭਾਵਾਂ ਨੂੰ ਇੱਕਸਾਰ ਮੌਕਾ ਮਿਲੇ। ਅਨੁਪਮਾ ਨੇ ਤਾਜ ਪ੍ਰਾਪਤੀ ਤੋਂ ਬਾਅਦ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਕਿਹਾ:ਇਸ ਪਲੇਟਫਾਰਮ ਨੇ ਸਾਨੂੰ ਨਾ ਸਿਰਫ਼ ਸਹੀ ਦਿਸ਼ਾ ਦਿੱਤੀ ਹੈ, ਸਗੋਂ ਵਿਸ਼ਵ ਪੱਧਰ 'ਤੇ ਪਹੁੰਚਣ ਦਾ ਮੌਕਾ ਵੀ ਦਿੱਤਾ ਹੈ। ਫੋਰਐਵਰ ਸਟਾਰ ਇੰਡੀਆ ਨੇ ਮੇਰੇ ਅੰਦਰਲੇ ਵਿਸ਼ਵਾਸ ਨੂੰ ਮਜ਼ਬੂਤ ਕੀਤਾ ਹੈ।"

**ਚੰਡੀਗੜ੍ਹ ਦੀਆਂ ਵਧਾਈਆਂ ਅਤੇ ਅਗਲੇ ਪੜਾਅ ਦੀਆਂ ਉਮੀਦਾਂ**

ਅਨੁਪਮਾ ਦੀ ਇਸ ਕਾਮਯਾਬੀ ਤੋਂ ਬਾਅਦ ਚੰਡੀਗੜ੍ਹ ਦੇ ਕਲਾ, ਸਿੱਖਿਆ ਅਤੇ ਨ੍ਰਿਤਜ ਜਗਤ ਨਾਲ ਜੁੜੇ ਲੋਕਾਂ ਵੱਲੋਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਕਈ ਕਥਕ ਘਰਾਣਿਆਂ ਨਾਲ ਜੁੜੇ ਅਧਿਆਪਕਾਂ ਅਤੇ ਕਲਾਕਾਰਾਂ ਨੇ ਕਿਹਾ ਕਿ ਅਨੁਪਮਾ ਦੀ ਇਹ ਜਿੱਤ ਨਵੀਂ ਪੀੜ੍ਹੀ ਦੇ ਲਈ ਇੱਕ ਪ੍ਰੇਰਣਾ ਦਾ ਸਰਚਸ਼ਮਾ ਬਣੇਗੀ। ਨ੍ਰਿਤਜ ਮੰਚ ਤੋਂ ਮਾਡਲਿੰਗ ਮੰਚ ਤੱਕ ਦੀ ਇਹ ਯਾਤਰਾ ਉਨ੍ਹਾਂ ਦੀ ਕਾਬਲਿਯਤ ਅਤੇ ਮਿਹਨਤ ਦਾ ਸਾਫ਼ ਦਰਸਾਵਾ ਕਰਦੀ ਹੈ। ਹੁਣ ਉਮੀਦ ਹੈ ਕਿ ਅਨੁਪਮਾ ਅਗਲੇ ਪੜਾਅ—ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ—ਤੇ ਹੋਰ ਵੀ ਵਧੀਆ ਪ੍ਰਦਰਸ਼ਨ ਕਰਦੇ ਹੋਏ ਦੇਸ਼ ਦਾ ਨਾਮ ਰੌਸ਼ਨ ਕਰਨਗੀਆਂ।

**ਇੱਕ ਔਰਤ ਦੀ ਸ਼ਕਤੀ ਤੇ ਅਨੁਪਮਾ ਦੀ ਕਹਾਣੀ**

ਇਹ ਜਿੱਤ ਸਾਬਤ ਕਰਦੀ ਹੈ ਕਿ ਇੱਕ ਔਰਤ ਜਿਸਦੀ ਜ਼ਿੰਦਗੀ ਕਈ ਮੋਰਚਿਆਂ 'ਤੇ ਜੁੜੀ ਹੋਵੇ—ਘਰ, ਕਲਾ, ਨੌਕਰੀ ਤੇ ਸਮਾਜਿਕ ਜ਼ਿੰਮੇਵਾਰੀਆਂ—ਉਹ ਚਾਹੇ ਤਾਂ ਅਸਮਾਨ ਛੂਹ ਸਕਦੀ ਹੈ। ਅਨੁਪਮਾ ਦੀ ਕਹਾਣੀ ਉਹਨਾਂ ਔਰਤਾਂ ਲਈ ਇੱਕ ਸੁਨੇਹਾ ਹੈ ਜੋ ਘਰੇਲੂ ਅਤੇ ਵਪਾਰਕ ਜ਼ਿੰਦਗੀ ਦੇ ਸੰਤੁਲਨ ਵਿੱਚ ਕਈ ਵਾਰ ਆਪਣੇ ਸੁਪਨੇ ਭੁੱਲ ਜਾਂਦੀਆਂ ਹਨ। ਅਨੁਪਮਾ ਨੇ ਸਾਬਤ ਕੀਤਾ ਕਿ ਜੇ ਜ਼ਜ਼ਬਾ ਅਤੇ ਇਰਾਦਾ ਮਜ਼ਬੂਤ ਹੋਵੇ, ਤਾਂ ਹਰ ਮੰਚ 'ਤੇ ਜਿੱਤ ਸੰਭਵ ਹੈ।

ਅਖ਼ੀਰ ਵਿੱਚ, ਮਿਸੇਜ਼ ਚੰਡੀਗੜ੍ਹ 2025 ਦਾ ਤਾਜ ਜਿੱਤਣ ਵਾਲੀ ਅਨੁਪਮਾ ਨੇ ਕਲਾ, ਸਮਰਪਣ ਅਤੇ ਆਤਮ-ਵਿਸ਼ਵਾਸ ਨਾਲ ਇੱਕ ਨਵਾਂ ਇਤਿਹਾਸ ਰਚਿਆ ਹੈ। ਉਨ੍ਹਾਂ ਦੀ ਇਹ ਜਿੱਤ ਭਵਿੱਖ ਵਿੱਚ ਹੋਰ ਵੱਡੇ ਮੰਚਾਂ ਦੀਆਂ ਬਾਰੀਆਂ ਖੋਲ੍ਹੇਗੀ ਅਤੇ ਬੇਸ਼ਕ ਚੰਡੀਗੜ੍ਹ ਲਈ ਗੌਰਵ ਦਾ ਕਾਰਨ ਬਣੇਗੀ।

**ਗੁਰਭਿੰਦਰ ਗੁਰੀ**
**±447951590424**

# 2025 ਕੋਵੈਂਟਰੀ ਇਕੁਇਲਿਟੀ ਗਰੁੱਪ ਵਿੰਟਰ ਸੈਸ਼ਨ



## ਪਰਿਨਿਰਵਾਣ ਦਿਵਸ *(ਡਾ. ਬੀ. ਆਰ. ਅੰਬੇਡਕਰ ਦੀ ਪੁਰਣਤਿਥੀ)*

**ਸ਼ਨੀਵਾਰ, 6 ਦਸੰਬਰ 2025 ਸਮਾਂ: ਦੁਪਹਿਰ 2:00 ਵਜੇ - 4:30 ਵਜੇ**

## ਰਵਿਦਾਸਿਆ ਕਮਿਊਨਟੀ ਸੈਂਟਰ

17 ਜੇਜ਼ਮੰਡ ਰੋਡ, ਕੋਵੈਂਟਰੀ CV1 5AQ ਫ਼ੋਨ: 07368 637170

## ਕਾਰਜਕ੍ਰਮ ਅਜੈਂਡਾ

**ਸਵਾਗਤ ਅਤੇ ਸ਼ੁਰੂਆਤ**

**ਸੰਗੀਤਕ ਸ਼ਰਧਾਂਜਲੀ - ਅਪਾਚੀ ਇੰਡਿਅਨ (ACDA) ਦਾ ਸੰਗੀਤ ਚਲਾਉਣਾ (3 ਮਿੰਟ)**

**ਪਹਿਲੇ ਵਕਤਾ - ਪਰਮਜੀਤ ਜੱਸਾਲ (5 ਮਿੰਟ)**
ਡਾ. ਅੰਬੇਡਕਰ ਦੇ ਇਤਿਹਾਸ ਦੇ ਇੱਕ ਪ੍ਰਸੰਗ ਦੀ ਝਲਕ

**ਦੂਜੇ ਵਕਤਾ - ਤਜਿੰਦਰ ਸਿੰਘ (5 ਮਿੰਟ)**
ਡਾ. ਅੰਬੇਡਕਰ ਦੀ ਕਲਮ ਤੋਂ

**ਮੁੱਖ ਵਕਤਾ - ਦਵਿੰਦਰ ਕੁਮਾਰ ਚੰਦਰ**
*(ਸੰਪਾਦਕ, ਸਮਾਜ ਵੀਕਲੀ)*
ਡਾ. ਅੰਬੇਡਕਰ ਦੇ ਇਤਿਹਾਸ, ਵਿਚਾਰਾਂ, ਦਰਸ਼ਨ ਤੇ ਸੰਘਰਸ਼ਾਂ ਬਾਰੇ ਵਿਚਾਰ (15–30 ਮਿੰਟ)

**ਸਾਰੇ ਵਕਤਾਵਾਂ ਨਾਲ ਪੈਨਲ ਚਰਚਾ (45 ਮਿੰਟ)**

**ਭਵਿੱਖ ਦੇ ਸਮਾਗਮਾਂ ਲਈ ਵਿਚਾਰ (3 ਮਿੰਟ)**

**ਧੰਨਵਾਦ ਪ੍ਰਸਤੁਤੀ (2 ਮਿੰਟ)**

**ਸੈਸ਼ਨ ਸਮਾਪਤ – ਚਾਹ ਤੇ ਸਮੋਸੇ (30 ਮਿੰਟ)**

ਨੋਟ: ਲੋੜ ਪੈਣ 'ਤੇ ਅਜੈਂਡੇ ਦੀ ਕ੍ਰਮਵਾਰਤਾ ਬਦਲੀ ਜਾ ਸਕਦੀ ਹੈ।